ੴ


ਮਾਸਕ ਪੱਤਰ

# ਸੂਰਾ
ਅੰਮ੍ਰਿਤਸਰ

ਭਾਈ ਤਾਰੂ ਸਿੰਘ ਜੀ ਸ਼ਹੀਦ

ਅਗਸਤ ੧੯੮੧

AUGUST 1981



ਸਿਰ ਦਾ ਖੋਪਰ ਲੁਹਾ ਲਿਆ, ਪਰ ਸਿਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਇਆ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਗੁਰਮਤਿ ਪਰਧਾਨ ਕਰਮ | ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ | ੩ |
| ਕੀਰਤਨ ਦੁਆਰਾ ਚਰਨ ਕੰਵਲਾਂ ਦਾ ਅਨੰਦ | ,, ,, ,, ,, | ੪ |
| ਕਸ਼ਮੀਰ-ਫੇਰੀਆਂ | ਪ੍ਰੋਫੈਸਰ ਠਾਕਰ ਸਿੰਘ ਜੀ | ੧੧ |
| ਕਰਾਮਾਤ | ਸਰਦਾਰ ਕੁੰਭੇਰ ਸਿੰਘ ਜੀ | ੧੫ |
| ਸੁਖਮਨੀ ਸਾਹਿਬ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੨੦ |
| ਸਲੋਕ ਸਹਸਕ੍ਰਿਤੀ (੬) ਅਰਥ ਵਿਚਾਰ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੨੧ |
| ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ (੩੩) | ਕੈਪਟਿਨ ਸਵਰਨ ਸਿੰਘ ਜੀ | ੨੭ |
| ਕੀਰਤਨ-ਰਸ ਲਈ ਉਪਰਾਲਾ ਤੇ ਤਰਲਾ | ਭਾਈ ਸਾਹਿਬ ਰਾਮ ਸਿੰਘ ਜੀ | ੩੪ |
| ਸਿੱਖੀ ਗੌਰਵ ਕਿਵੇਂ ਬਹਾਲ ਹੋਵੇ ? | ਸ: ਨਰੈਣ ਸਿੰਘ ਜੀ ਐਮ. ਏ. | ੩੬ |
| ਸਿਖ ਕੌਮ, ਜਾਗ ! | ਗਿ: ਗੋਪਾਲ ਸਿੰਘ ਜੀ ਮਿੱਤਰ | ੩੮ |
| ਮਿੱਠੀਆਂ ਯਾਦਾਂ | ਡਾਕਟਰ ਪ੍ਰਗਟ ਸਿੰਘ ਜੀ | ੩੯ |
| ਅੰਮ੍ਰਿਤਧਾਰੀ (ਕਵਿਤਾ) | ਸ੍ਰੀ ਰਣਜੀਤ ਸਿੰਘ ਜੀ ਰਾਏ | ੪੦ |


ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ ੩੦ ਅਗਸਤ
ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ੩੧ ਅਗਸਤ

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਖਾਲਸਾ ਬ੍ਰਦਰਜ਼ ਅੰਮ੍ਰਿਤਸਰ | ਚੜ੍ਹਾਵਾ ਸਮਾਗਮ ਬਰਸੀ ਭਾ: ਈਸ਼ਰ ਸਿੰਘ ਜੀ | 73-30 |
| ਬੀਬੀ ਹਰਭਜਨ ਕੌਰ ਕਾਨਪੁਰ | – – – – | 11-00 |
| *Sgt.* ਤੇਜਿੰਦਰ ਸਿੰਘ ਹੈਦਰਾਬਾਦ | – – – – | 11-00 |
| ਸ: ਉਜਾਗਰ ਸਿੰਘ ਰੀਟ:/ਤਸੀਲਦਾਰ | – – – – | 15-00 |
| ਬੀਬੀ ਕੁਲਵੰਤ ਕੌਰ ਨਿਰਵਾਨਾ | – – – – | 21-00 |
| ਸਰਦਾਰਨੀ ਸ਼ਾਮ ਸਿੰਘ ਖੰਨਾ | – – – – | 60-00 |
| ਸ: ਬਲਦੇਵ ਸਿੰਘ ਮਠਾਰੂ ਬੰਬਈ | ਪਿਤਾ ਸ: ਹਰਦਿਆਲ ਸਿੰਘ ਜੀ ਦੀ ਪਹਿਲੀ ਬਰਸੀ ਸਮੇਂ | 21-00 |
| M. W. O. ਸਵਰਨ ਸਿੰਘ ਕਾਨਪੁਰ | – – – – | 21-00 |
| ਸ. ਗੁਰਨਾਮ ਸਿੰਘ ਯੂ. ਕੇ. | ਬੱਚੀ ਸਰਬਜੀਤ ਕੌਰ ਦੇ ਜਨਮ ਦਿਨ ਦੀ ਖੁਸ਼ੀ ਵਿਚ | 82-60 |
| ਭਾਈ ਨਿਰਮਲ ਸਿੰਘ ਯੂ. ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | 716-00 |
| ਸ: ਗੁਰਬਖਸ਼ ਸਿੰਘ ਸਿਵੀਆ ਯੂ. ਕੇ. | ,, ,, ,, | 35-20 |
| ਸ: ਮਹਿੰਦਰ ਸਿੰਘ ਨਵੀਂ ਦਿੱਲੀ | ਸੁਪਤਨੀ ਗੁਰਚਰਨ ਕੌਰ ਦੀ ਅੰਤਮ ਯਾਦ ਵਿਚ | 25-00 |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੮. ੮੧ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

| | |
|---|---|
| ਸਾਲਾਨਾ ਚੰਦਾ | ੧੦-੦੦ |
| ਇਕ ਪਰਚਾ | ੧ ੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੨੫-੦੦ |

ਹਵਾਈ ਡਾਕ

| | |
|---|---|
| ਅਰਬ, ਮਲਾਇਆ | ੪੦-੦੦ |
| ਯੂ. ਕੇ. ਅਫ਼ਰੀਕਾ | ੫੫-੦੦ |
| ਕੈਨੇਡਾ, ਅਮਰੀਕਾ | ੬੫-੦੦ |



**ਸੰਪਾਦਕੀ ਬੋਰਡ**

ਡਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੫ ਅਗਸਤ ੧੯੮੧ ਅੰਕ ੮


## ਗੁਰਮਤਿ ਪਰਧਾਨ ਕਰਮ

[ਵਲੋਂ :—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸਿਰਜਨਹਾਰ ਕਰਤਾਰ ਨਿਰਗੁਣ ਪਾਰਬ੍ਰਹਮ ਦਾ ਤੱਤ ਗਿਆਨ ਕੇਵਲ ਗੁਰਮਤਿ ਗ੍ਰਹਿਣ ਕਰਨ ਵਾਲੇ ਗੁਰਮੁਖ ਜਨਾਂ ਦੇ ਰਿਦੰਤਰ ਹੀ ਪ੍ਰਕਾਸ਼ਤ ਹੁੰਦਾ ਹੈ। ਓਹ ਨਿਰਗੁਣ ਨਾਮ ਨੂੰ ਜਪ ਜਪ ਕੇ, ਨਿਰਗੁਣ ਨਾਮ ਦੀਆਂ ਕਮਾਈਆਂ ਕਰਿ ਕਰਿ ਅੰਤਰ-ਆਤਮੇ ਨਿਰੰਕਾਰ ਨਿਰੰਜਨੀ ਜੋਤਿ ਨੂੰ ਜਗਾ ਲੈਂਦੇ ਹਨ। ਇਹ ਨਿਰੰਜਨੀ ਜੋਤਿ ਜਗਾਉਣ ਵਾਲਾ ਗੁਰਮਤਿ ਦ੍ਰਿੜ੍ਹਾਇਆ ਕਰਮ, ਮੁਖ ਗੁਰਮੁਖ ਕਰਮ ਹੈ, ਜੋ ਸਭਨਾਂ ਆਨ-ਮਤ ਕਰਮਾਂ ਤੋਂ ਪਰਧਾਨ ਕਰਮ ਹੈ। ਪਰੰਤੂ ਕਰਮਾਂ ਸਿਰ ਸਚੜਾ ਕਰਮ ਧਰਮ, ਤੱਤ ਗਿਆਨ ਗੁਰੂ ਘਰ ਦੇ ਗੁਰਮੁਖਿ ਸੰਤਾਂ ਭਗਤਾਂ ਦੀ ਸੰਗਤ ਵਿਖੇ ਵਾਸਾ ਰਹਿਣ ਕਰਕੇ, ਅੰਮ੍ਰਿਤ ਨਾਮ ਦਾ ਜਾਪ-ਅਭਿਆਸ ਸਦਾ ਕਾਇਮ ਦਾਇਮ ਰਹਿੰਦਾ ਹੈ। ਜ਼ੋਰਾਂ ਤੇ ਚੜ੍ਹਦੀ ਕਲਾ ਤੇ ਰਹਿੰਦਾ ਹੈ। ਕਦੇ ਖੜ੍ਹਦੀ ਯਾ ਢਹਿੰਦੀ ਕਲਾ ਵਿਚ ਨਹੀਂ ਆਉਂਦਾ। ਨਾ ਹੀ ਕੋਈ ਉਸ ਨੂੰ ਵਿਘਨ ਲਗਦਾ ਹੈ।

['ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ




www.AKJ.Org

# ਕੀਰਤਨ ਦੁਆਰਾ ਚਰਨ ਕੰਵਲਾਂ ਦਾ ਅਨੰਦ

[ਵਲੋਂ :—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਜਿਨ੍ਹਾਂ ਗੁਰਮੁਖਾਂ ਨੂੰ ਗੋਬਿੰਦ ਦੇ ਚਰਨ ਕੰਵਲਾਂ ਸੰਗ ਬਿਸਮ-ਬਿਨੋਦੀ ਆਤਮ-ਰੰਗ ਚਲੂਲੜਾ ਲਗ ਗਿਆ ਹੈ, ਉਹਨਾਂ ਦੇ ਮਨ ਐਸੇ ਨਿਰਮਲ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਦੁਤੀਆ ਤ੍ਰੈਗੁਣੀ ਰੰਗਾਂ ਦੀ ਮੈਲ ਲਗਣੀ ਹੀ ਨਹੀਂ ਪਾਉਂਦੀ। ਵਿਕਾਰੀ ਅਹਾਰਾਂ ਦੀ ਗ਼ਨੂਦਗੀ ਤੋਂ ਉਪੰਨੀ ਆਲਸ-ਨਿੰਦਰਾ ਉਹਨਾਂ ਦੇ ਨੇੜੇ ਨਹੀਂ ਆਉਂਦੀ। ਅਜਿਹੇ ਕੁੰਗੂ ਵਰਗੇ, ਕੁੰਗੂਓਂ ਵਧੇਰੇ ਨਿਰਮਲ ਤੇ ਹਰ ਰੰਗ-ਰਾਂਗੇ ਮਨ, ਚਰਨ-ਕਮਲ-ਗੋਬਿੰਦ-ਰੰਗ-ਪਾਗੇ ਮਨ, ਅਹਿਨਿਸ (ਦਿਨ ਰਾਤ) ਜਾਗਦੇ ਹੀ ਰਹਿੰਦੇ ਹਨ ਅਤੇ ਹਰਿ ਜਸ, ਹਰਿ ਕੀਰਤਨ, ਭਜਨ ਰੂਪੀ ਸੱਚੇ ਆਹਰ ਵਿਚ ਲਗੇ ਰਹਿੰਦੇ ਹਨ। ਗੋਬਿੰਦ ਚਰਨ ਕੰਵਲ ਰੰਗ ਰਾਂਗੜੇ, ਰੰਗ-ਪਾਗੜੇ ਗੁਰਮੁਖ ਜਨਾਂ ਨੂੰ ਚਰਨ ਕੰਵਲ ਦੀਆਂ ਮਉਜ-ਰੰਗਾਂ ਵਿਚ ਖਿਨ ਖਿਨ ਕੀਰਤਨ-ਤਰੰਗਾਂ ਦੇ ਉਮਾਹੇ ਹੀ ਉਠਦੇ ਰਹਿੰਦੇ ਹਨ। ਉਹ ਇਹਨਾਂ ਮਉਜ-ਉਮਾਹੜੇ-ਰੰਗਾਂ ਦੇ ਅਧੀਨ ਹੋ ਕੇ ਹੀ ਕੀਰਤਨ ਕਰਦੇ ਰਜਦੇ ਨਹੀਂ। ਜਿਉਂ ਜਿਉਂ ਕੀਰਤਨ ਕਰਦੇ ਹਨ, ਤਿਉਂ ਤਿਉਂ ਚਰਨ ਕੰਵਲਾਂ ਦੇ ਹੋਰ ਚਲੂਲੇ ਰੰਗ ਚੜ੍ਹਦੇ ਹਨ ਅਤੇ ਦਰਸ਼ਨ ਝਲਕਾਂ ਦੇ ਬਿਨੋਦ-ਬਿਸਮਨੀ ਝਲਕੇ ਵਜਦੇ ਹਨ। ਇਸ ਅਨੂਪਮੀ ਅਨੂਠੜੇ ਅਧਾਰ ਉਤੇ ਹੀ ਉਹ ਸਾਰੀ ਸਾਰੀ ਰਾਤ ਤੇ ਸਾਰਾ ਸਾਰਾ ਦਿਨ ਭੀ ਜੇ ਕੀਰਤਨ ਕਰਦੇ ਰਹਿਣ ਤਾਂ ਥਕਦੇ-ਅਕਦੇ ਨਹੀਂ। ਥਕੇਵਾਂ-ਅਕੇਵਾਂ ਭਲਾ ਉਥੇ ਕਿਥੇ, ਜਿਥੇ ਚਰਨ ਕੰਵਲਾਂ ਦੀ ਮਉਜ ਦੇ ਚਲੂਲੇ ਰੰਗ ਚੜ੍ਹੇ ਹੋਏ ਹੋਣ ? ਇਸ ਪ੍ਰਥਾਇ ਇਹ ਗੁਰਵਾਕ ਭਲਾ ਘਟਦਾ ਹੈ :—

ਚਰਣ ਕਮਲ ਗੋਬਿੰਦ ਰੰਗੁ ਲਾਗਾ ॥
ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥

[ਗਉੜੀ ਥਿਤੀ ਕਬੀਰ ਜੀ, ੩੪੩

ਸਤਿਗੁਰ ਪੂਰੇ ਨੇ ਇਹ ਕੀਰਤਨ-ਆਧਾਰ ਉਨ੍ਹਾਂ ਨੂੰ ਬਖਸ਼ਿਆ ਹੈ। ਇਸ ਕੀਰਤਨ-ਆਧਾਰੀ ਦਾਤਿ ਦੀ ਬਰਕਤ ਕਰਿ, ਉਹ ਚਰਨ ਕੰਵਲਾਂ ਦੀ ਮਉਜ ਨੂੰ ਅੰਤਰ ਹੀ ਅੰਤਰ ਅਕਹਿ ਬਿਸਮ ਰੰਗਾਂ ਵਿਚ ਹੋਰ ਵਧੇਰੇ ਮਾਣਦੇ ਹਨ। ਅਤੇ ਰਿਦ ਅੰਤਰ ਹੀ ਪ੍ਰਗਟੰਨੇ ਚਰਨ ਕੰਵਲਾਂ ਨੂੰ ਅੰਤਰ ਝਾਤੀਆਂ ਮਾਰ ਮਾਰ ਬਿਸਮਾਉਂਦੇ ਮੁਸਕਾਉਂਦੇ ਹਨ ਅਤੇ ਰਸ-ਜੋਤਿ-ਪਵਨ-ਵਿਗਾਸੀ ਸੁਆਸ ਸੁਆਸ ਅਭਿਆਸ ਦੇ ਬੀਜਨ ਢੋਲਾਇ ਢੋਲਾਇ (ਪੱਖਾ ਕਰ ਕਰ) ਦਰਸ-ਅਨੂਪਮੀ, ਰੂਪ ਅਨੂਪਮੀ, ਅਤਿ ਰਸ ਮਿਠੜੇ-ਗੋਬਿੰਦ-ਚਰਨ ਕਵਲਾਰ ਦਾ ਸੇਵਨ ਕਰਦੇ ਹਨ। ਕੈਸੀ ਅਧਿਭੁਤ ਚਰਨ ਕੰਵਲਾਂ ਦੀ ਇਹ ਸਹਿਜ ਸੇਵਾ ਹੈ—

ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੈ ਕੈ ਆਧਾਰ ॥੩॥

[ਆਸਾ ਮ: ੫, ਪੰਨਾ ੩੭੯

ਗੁਰਵਾਕ ਦੀ ਇਹ ਤੁਛ ਮਾਤਰ ਵਿਆਖਿਆ ਹੈ। ਅਗਮ ਅਪਾਰ ਪ੍ਰਭੂ ਪ੍ਰਮਾਤਮਾ ਦੇ ਚਰਨ ਕੰਵਲ ਜਿਨ੍ਹਾਂ ਗੁਰਮੁਖਾਂ ਦੇ ਮਨ ਤਨ ਵਿਚ ਵਸ ਜਾਂਦੇ ਹਨ ਅਤੇ ਅੰਤਰ ਆਤਮੇ ਧਸ ਜਾਂਦੇ ਹਨ, ਉਨ੍ਹਾਂ ਨੂੰ ਕਿਸੇ ਗੱਲ ਦੀ ਭੀ ਕਮੀ ਨਹੀਂ ਰਹਿੰਦੀ। ਕਿਸੇ ਪਦਾਰਥ ਦੀ ਤੋਟ ਨਹੀਂ ਰਹਿੰਦੀ। ਉਨ੍ਹਾਂ ਦੇ ਹਰ ਵਥ ਦੇ ਪੂਰਨ ਭੰਡਾਰ ਭਰੇ ਰਹਿੰਦੇ ਹਨ। ਜੈਸਾ ਕਿ ਇਹ ਗੁਰਵਾਕ ਵਿਦਤਾਉਂਦਾ ਹੈ :—

ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ ॥
ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ ॥੨॥

[ਬਿਲਾਵਲੁ ਮਹਲਾ ੫, ਪੰਨਾ ੮੧੭



www.AKJ.Org

ਤਿਨ੍ਹਾਂ ਨੂੰ ਚਰਨ ਕੰਵਲਾਂ ਦਾ ਆਸਰਾ ਪ੍ਰਭੂ ਪ੍ਰਮਾਤਮਾ ਨੇ ਆਪ ਦਿੱਤਾ ਹੈ ਤੇ ਗੁਰਮੁਖ ਜਨ ਗੁਰੂ ਕਰਤਾਰ ਦੇ ਆਸਰੇ ਪ੍ਰਾਇਣ ਹੋਏ ਚਰਨ ਸਰਨ ਹੀ ਸਮਾਏ ਰਹਿੰਦੇ ਹਨ। ਤਿਸ ਚਰਨ ਸਰਨ ਪ੍ਰਾਇਣ ਹੋਇ ਸਮਾਇ ਰਹਿਣ ਦਾ ਸਦਾ ਹੀ ਬੜਾ ਪਰਤਾਪ ਵਰਤਦਾ ਹੈ। ਸੋਈ ਇਹ ਅਗਲੇਰਾ ਗੁਰਵਾਕ ਦਸਦਾ ਹੈ :-

ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ ॥
ਪ੍ਰਭ ਸਰਣਾਗਤਿ ਜਨ ਪਰੇ ਤਾ ਕਾ ਸਦ ਪਰਤਾਪੁ ॥੧॥

[ਬਿਲਾਵਲੁ ਮਹਲਾ ੫, ਪੰਨਾ ੮੧੭

## ਚਰਨ ਕਮਲ ਦੀ ਮਉਜ ਦੇ ਅਨਿਕ ਰੰਗੀ ਅਨੰਦ-ਹੁਲਾਸ-

ਚਰਨ ਕੰਵਲਾਂ ਦੀ ਮਉਜ ਮਾਨਣ ਦੇ ਰੰਗਾਂ ਦੀ ਵਡਿਆਈ ਫਿਰ ਇਉਂ ਗੁਰਵਾਕ ਵਰਣਤ ਹੈ :-

ਚਰਨ ਕਮਲ ਜਾ ਕਾ ਮਨੁ ਰਾਪੈ ॥ ਸੋਗ ਅਗਨਿ ਤਿਸੁ ਜਨ ਨ ਵਿਆਪੈ ॥੨॥

[ਧਨਾਸਰੀ ਮਹਲਾ ੫, ਪੰਨਾ ੬੮੩

ਭਾਵ, ਚਰਨ ਕੰਵਲਾਂ ਦੀ ਮਉਜ ਦੇ ਰੰਗਾਂ ਵਿਚ ਜਿਸ ਦਾ ਮਨ ਰਪ ਗਿਆ ਹੈ, ਅਰਥਾਤ, ਰੰਗਿਆ ਗਿਆ ਹੈ, ਤਿਸ ਜਨ ਨੂੰ ਸੋਗ ਦੀ ਅਗਨੀ ਕਦੇ ਨਹੀਂ ਪੋਹ ਸਕਦੀ। ਚਰਨ ਕੰਵਲਾਂ ਦੇ ਰੰਗ ਵਿਚ ਮਉਜੀ ਭੰਵਰੇ ਹਰਦਮ ਚਰਨ ਕੰਵਲਾਂ ਉਪਰ ਹੀ ਮਸਤ ਰਹਿੰਦੇ ਹਨ। ਉਹਨਾਂ ਨੂੰ ਸਦਾ ਹੀ ਚਰਨ ਕੰਵਲ ਰਸਾਲੜੀ ਖ਼ੁਮਾਰੀ ਦਾ ਨਸ਼ਾ ਚੜ੍ਹਿਆ ਰਹਿੰਦਾ ਹੈ। ਸੋ ਚਰਨ ਕੰਵਲਾਂ ਦੇ ਖੀਵੜੇ-ਰਸ-ਭੰਵਰਿਆਂ ਨੂੰ ਸੋਗ ਵਿਜੋਗ ਦੀ ਅਗਨੀ ਕਦੇ ਪੋਹ ਨਹੀਂ ਸਕਦੀ, ਉਹ ਸਦਾ ਹੀ ਖਿੜੇ ਰਹਿੰਦੇ ਹਨ। ਕਦੇ ਭੀ ਉਦਾਸੀਨ ਅਤੇ ਸ਼ੁਕਾਂਤਰ ਨਹੀਂ ਹੁੰਦੇ, ਕਿਉਂਕਿ :-

ਚਰਨ ਕਮਲ ਅਧਾਰੁ ਜਨ ਕਾ ਰਾਸ ਪੂੰਜੀ ਏਕ ॥
ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥੪॥੨॥

[ਧਨਾਸਰੀ ਮਹਲਾ ੫, ਪੰਨਾ ੬੭੫

ਗੁਰਵਾਕ ਦੇ ਭਾਵ ਅਨੁਸਾਰ ਚਰਨ ਕੰਵਲ-ਆਧਾਰੀ ਗੁਰਮੁਖ ਜਨਾਂ ਦਾ ਚਰਨ ਕੰਵਲ ਹੀ ਆਧਾਰ ਹੈ। ਓਹਨਾਂ ਦੀ ਰਾਸ ਪੂੰਜੀ ਭੀ ਇਕੋ ਇਹੀ ਹੈ। ਚਰਨ ਕੰਵਲ ਹੀ ਓਹਨਾਂ ਦਾ ਤਾਣ ਹੈ, ਚਰਨ ਕੰਵਲ ਹੀ ਓਹਨਾਂ ਦਾ ਮਾਣ ਹੈ, ਅਤੇ ਚਰਨ ਕੰਵਲ ਹੀ ਉਹਨਾਂ ਦਾ ਸਾਚਾ ਦੀਬਾਣ ਹੈ, ਅਤੇ ਪ੍ਰਭੂ ਦੇ ਚਰਨ ਕੰਵਲ ਹੀ ਉਹਨਾਂ ਦੀ ਸਚੀ ਟੇਕ ਹੈ। ਇਸ ਗੁਰਵਾਕ ਦੀ ਪ੍ਰੋੜ੍ਹਤਾ ਹੀ ਅਗਲਾ ਗੁਰਵਾਕ ਕਰਦਾ ਹੈ :-

ਚਰਨ ਕਮਲ ਹਰਿ ਜਨ ਕੀ ਥਾਤੀ ਕੋਟਿ ਸੂਖ ਬਿਸ੍ਰਾਮ ॥
ਗੋਬਿੰਦੁ ਦਮੋਦਰੁ ਸਿਮਰਉ ਦਿਨੁ ਰੈਨਿ ਨਾਨਕ ਸਦ ਕੁਰਬਾਨ ॥੨॥੧੭॥੪੮॥

[ਧਨਾਸਰੀ ਮਹਲਾ ੫, ਪੰਨਾ ੬੮੨

ਭਾਵ, ਚਰਨ ਕੰਵਲ ਹੀ ਹਰਿ ਜਨ ਕਾ ਠਿਕਾਣਾ, ਧਨ, ਮਾਲ ਖ਼ਜ਼ਾਨਾ ਹੈ ਅਤੇ ਕੋਟਾਨ ਕੋਟ ਸੁਖਾਂ ਦਾ ਬਿਸਰਾਮ ਅਸਥਾਨ ਹੈ, ਅਰਥਾਤ, ਚਰਨ ਕੰਵਲ ਦੀ ਮਉਜ ਵਿਚ ਸਮਾਇ ਰਹਿਣ ਕਰਿ, ਬਿਅੰਤ ਸੁਖਾਂ ਦੇ ਘਰ ਵਿਚ ਬਿਸਰਾਮ ਹੋ ਜਾਂਦਾ ਹੈ। ਕੋਟ ਸੁਖਾਂ ਦਾ ਬਿਸਰਾਮ, ਚਰਨ ਕੰਵਲ ਦੀ ਮਉਜ ਅੰਦਰਿ ਸਮਾਇ ਰਹਿਣ ਵਿਚ ਹੈ। ਵਾਹਿਗੁਰੂ ਦੀ ਭਗਤੀ ਦਾ ਆਨੰਦ ਏਥੇ ਹੀ ਆਉਂਦਾ ਹੈ, ਸਗੋਂ ਨਾਮ ਸਿਮਰਨ ਦਾ ਉਮਾਹਾ ਭਗਤ ਜਨ ਚਰਨ-ਕੰਵਲ ਭਜਨੀਕਾਂ ਨੂੰ ਦਹਿ-ਦੂਣਾ ਹੋ ਕੇ, ਅਗੇ ਨਾਲੋਂ ਭੀ ਦਹਿ ਦੂਣਾ ਹੋ ਕੇ ਉਪਜਦਾ ਵਿਗਸਦਾ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦਾ ਭਗਤ ਜਨ, ਚਰਨ-ਕੰਵਲ-ਮੌਜਾਰੀ ਗੁਰਮੁਖਿ ਅਭਿਆਸੀ ਇਹੋ ਅਕਾਂਖਿਆ (ਲੋਚਾਂ ਲੋਚਦਾ) ਅਕਾਂਖਦਾ ਰਹਿੰਦਾ ਹੈ ਕਿ ਵਾਹਿਗੁਰੂ (ਗੋਬਿੰਦ ਦਮੋਦਰ ਸਵਾਮੀ) ਨੂੰ ਦਿਨ ਰੈਣ



www.AKJ.Org

ਸਿਮਰਦਾ ਹੀ ਰਹਾਂ ਅਤੇ ਸਦਾ ਸਿਮਰ ਸਿਮਰ ਕੇ ਕੁਰਬਾਨ ਹੋ ਹੋ ਜਾਵਾਂ।

ਚਰਨ ਕੰਵਲ ਦੇ ਅਮੋਘ ਦਰਸ਼ਨਾਂ ਦੀ ਮੌਜ-ਮਹਿਮਾ ਐਸੀ ਅਪਰ ਅਪਾਰ ਹੈ ਕਿ ਜਿਸ ਜਨ ਦਾ ਮਨ ਚਰਨ ਕੰਵਲਾਂ ਦੀ ਮਉਜ ਦੇ ਰੰਗਾਂ ਵਿਚ ਰੰਗਿਆ ਗਿਆ ਹੈ, ਉਹ ਸਦ ਸਦਾ ਹੀ ਅੰਮ੍ਰਿਤ ਦੇ ਸਰੋਵਰ ਵਿਚ ਸਰਸ਼ਾਰ ਅਤੇ ਨਿਮਗਨ ਹੋ ਕੇ ਤਾਰੀਆਂ ਲਾਉਂਦਾ ਹੈ ਅਤੇ ਦੰਮ ਦੰਮ ਹਰ ਖਿਨ ਲਾਉਂਦਾ ਰਹਿੰਦਾ ਹੈ, ਇਕ ਖਿਨ ਭੀ ਇਸ ਅਨੰਦ ਮਉਜ ਤੋਂ ਬਿਸਰਜਤ ਨਹੀਂ ਹੁੰਦਾ। ਉਸ ਤੋਂ ਬਿਸਰਜਤ ਹੋ ਹੀ ਨਹੀਂ ਹੁੰਦਾ; ਹੋਵੇ ਤਾਂ ਉਸ ਦਾ ਮਰਨ ਹੋ ਜਾਂਦਾ ਹੈ। ਚਰਨ ਕੰਵਲਾਂ ਦੀ ਮਉਜ ਵਿਚ ਮਉਜੀ ਹੋ ਕੇ ਉਹ ਇਸ ਮੌਜ-ਅਨੰਦ-ਬਹਾਰ ਨੂੰ ਮਾਣਦਾ ਹੋਇਆ, ਉਸ ਅਨੰਦ ਅਹਿਲਾਦ ਦੇ ਬਿਸਮ ਸੁਆਦ ਵਿਚ ਆ-ਮੁਹਾਰਾ ਅਤੇ ਸਹਿਜ ਸਰਸ਼ਾਰਤ ਹੋ ਕੇ ਵਾਹੁ ਵਾਹੁ ਚਵੀ ਜਾਂਦਾ ਹੈ। ਜਿਉਂ ਜਿਉਂ ਵਾਹੁ ਵਾਹੁ ਚਵਦਾ (ਜਪਦਾ)ਹੈ ਤਿਉਂ ਤਿਉਂ ਇਹ ਆਨੰਦ-ਖੇੜੇ ਹੋਰ ਵਧੇਰੇ ਖਿੜਦੇ ਹਨ। ਤਾਂ ਤੇ ਨਾ ਹੀ ਉਸ ਤੋਂ ਵਾਹੁ ਵਾਹੁ ਚਵਣੀ ਸਿਫਤ ਸਲਾਹ ਤੋਂ ਹਟਿਆ ਜਾਵੇ ਅਤੇ ਨਾ ਹੀ ਇਸ ਅਨੰਦ-ਮਉਜ ਦੇ ਖੇੜੇ ਘਟਣ। ਇਹੀ ਸਿਫਤਿ ਸਾਲਾਹ ਉਸ ਦੀ ਪ੍ਰਾਣ-ਆਧਾਰ ਬਣ ਜਾਂਦੀ ਹੈ, ਜੋ ਪ੍ਰਾਣ-ਪਤੀ ਪ੍ਰੀਤਮ ਰਾਉ ਵਾਹਿਗੁਰੂ ਦੇ ਚਰਨ ਕੰਵਲਾਂ ਤੋਂ ਇਕ ਭੋਰੀ ਭੀ ਉਸ ਨੂੰ ਨਹੀਂ ਵਿਛੋੜਦੀ; ਵਿਛੜਨ ਵਿਛੋੜਨ ਦਿੰਦੀ ਹੀ ਨਹੀਂ। ਸਿਫਤਿ ਸਾਲਾਹਣ ਰਸ ਵਿਚ ਗੀਧੇ ਗੁਰਮੁਖ ਜਨਾਂ ਦੇ ਇਹ ਕੈਸੇ ਉੱਜਲ ਸੁਭਾਗ ਹਨ! ਅਤੇ ਉਸ ਦੇ ਉਲਟ ਪ੍ਰਾਨ-ਪਤੀ ਪ੍ਰੀਤਮ ਵਾਹਿਗੁਰੂ ਨੂੰ ਵਿਸਰਨ ਵਿਸਾਰਨਹਾਰਾ ਬਪੁੜਾ ਸਾਕਤ ਬਿਚਾਰਾ ਕੈਸਾ ਅਭਾਗਾ ਹੈ, ਜਿਸ ਨੂੰ ਇਨ੍ਹਾਂ ਪਰਮਾਰਥੀ ਨੇਅਮਤਾਂ ਤੋਂ ਉਕਾ ਹੀ ਮਹਿਰੂਮ ਰਹਿਣਾ ਪੈਂਦਾ ਹੈ। ਯਥਾ ਗੁਰਵਾਕ:--

ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ ਸੋਈ ਗਨਹੁ ਅਭਾਗਾ ॥
ਚਰਨ ਕਮਲ ਜਾ ਕਾ ਮਨੁ ਰਾਗਿਓ ਅਮਿਉ ਸਰੋਵਰ ਪਾਗਾ॥ [ਧਨਾਸਰੀ ਮ:੫, ਪੰਨਾ ੬੯੨

ਉਪਰ ਲਿਖੀ ਹਾਲ-ਹਕੀਕਤ ਐਨ ਇਸ ਗੁਰਵਾਕ ਦੀ ਹਕੀਕੀ ਵਿਆਖਿਆ ਹੈ। ਚਰਨ ਕੰਵਲਾਂ ਦੀ ਮਉਜ ਦੇ ਰੰਗਾਂ ਵਿਚ ਰਤੜਾ ਜਨ, ਅਨਦਿਨ ਨਾਮ ਦੇ ਰੰਗਾਂ ਵਿਚ ਜਾਗਦਾ ਹੈ ਅਤੇ ਜਾਗ ਸੁਜਾਗਾ ਹੋ ਕੇ ਸੁਚੇਤ ਚੇਤੰਨਤਾ ਸਹਿਤ ਸਾਵਧਾਨ ਹੋ ਕੇ ਜਾਗਦਾ ਹੈ। ਉਸ ਦੇ ਤਨ ਮਨ ਸਰੀਰ ਆਤਮ ਅੰਦਰੋਂ ਆਲਸ ਨਿੰਦਰਾ ਸਭ ਦੂਰ, ਚਕਨਾ-ਚੂਰ ਹੋ ਜਾਂਦੀ ਹੈ। ਕਿਉਂਕਿ ਉਸ ਦਾ ਪ੍ਰਾਣ ਪਤੀ, ਪ੍ਰਾਣ-ਦਾਤਾਰੇ, ਪ੍ਰੀਤਮ ਵਾਹਿਗੁਰੂ ਦੇ ਚਰਨ ਕੰਵਲਾਂ ਦੇ ਪਰਬਲ ਪਿਆਰ ਸੇਤੀ ਮਨ ਬੇਧਿਆ ਹੋਇਆ ਹੁੰਦਾ ਹੈ। ਇਸ ਪਰਬਲ ਪ੍ਰੀਤਮੀ ਪਿਆਰ ਦੀ ਜੋਤਿ-ਕਿਰਨਾਰੀ-ਤਾਰ, ਸਗਲ ਘਟਾਂ ਅੰਦਰ ਹੀ ਪਰੋਤੀ ਪਰਤਖ ਨਜ਼ਰ ਆਉਂਦੀ ਹੈ, ਅਤੇ ਜਿਥੇ ਜਿਥੇ ਭੀ ਉਸ ਦੀ ਦਿਬ-ਦ੍ਰਿਸ਼ਟਾਰ ਹੋਈ ਨਜ਼ਰ ਪੈਂਦੀ ਹੈ, ਤਿਥੇ ਤਿਥੇ ਓਹ ਵਾਹਿਗੁਰੂ ਜੋਤੀ ਸਰੂਪ ਨੂੰ ਪਰੀਪੂਰਨ ਪੇਖਦਾ ਹੈ ਅਤੇ ਸਾਂਗੋ ਪਾਂਗ ਪੇਖਦਾ ਹੈ। ਇਸ ਪਦ ਪ੍ਰਾਪਤੇ, ਚਰਨ ਕੰਵਲਾਂ ਦੀ ਸੋਭਾ ਵਾਲੇ ਪ੍ਰਾਨ ਮਾਨ ਰਾਂਗੀਲੜੇ ਮੋਹਨ ਲਾਲ ਗੋਪਾਲ ਗੋਬਿੰਦ ਵਾਹਿਗੁਰੂ ਨੂੰ ਸਾਂਗੋ ਪਾਂਗ ਪੇਖਨ-ਹਾਰੇ ਅੰਮ੍ਰਿਤ-ਨਾਮ-ਗਟਕਾਰੀ ਗੁਰੂ ਨਾਨਕ ਵਰੋਸਾਏ ਗੁਰਮੁਖਿ ਜਨ, ਹੋਰ ਸਾਰੇ ਦੁਤੀਆ ਭਾਵ ਦੇ ਰਸਾਂ ਕਸਾਂ ਸੁਆਦਾਂ, ਗੀਤ ਨਾਦਾਂ, ਮੋਹ ਮਮਤਾ ਮਈ ਅਨੁਰਾਗ (ਤ੍ਰੈ ਗੁਣ ਮਾਇਆ ਦੇ ਪ੍ਰੀਤਿ ਬਿਪ੍ਰੀਤੀ ਪਿਆਰਾਂ) ਨੂੰ ਉੱਕਾ ਹੀ ਤਿਆਗ ਦਿੰਦੇ ਹਨ। ਵਾਹੁ! ਵਾਹੁ!!–

ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥ ਆਲਸੁ ਛੀਜਿ
ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ ॥੧॥ ਰਹਾਉ॥
ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ ॥
ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ
ਅਨੁਰਾਗਾ ॥੨॥੧੬॥੪੭॥ [ਧਨਾਸਰੀ ਮਹਲਾ ੫, ਪੰਨਾ ੬੯੨



www.AKJ.Org

ਇਹ ਗੁਰਵਾਕ ਕੈਸਾ ਪਰਥਾਇ ਘਟਿਆ ਹੈ। ਇਹ ਸਭੁ ਕਿਛੁ ਸਿਮਰਨ ਦੀ ਹੀ ਪਾਰਸ-ਕਲਾ ਦਾ ਪਰਤਾਪ ਹੈ, ਸਿਮਰਨ ਅੰਦਰ ਹੀ ਚਰਨ ਕੰਵਲ ਵਸਦੇ ਹਨ। ਸਿਮਰਨ ਅੰਦਰ ਹੀ ਸਭੇ ਥੋਕ ਹਨ। ਸਿਮਰਨ ਦੁਆਰਾ ਹੀ ਸਗਲ ਮਨੋਰਥ ਪੂਰਨ ਹੁੰਦੇ ਹਨ ਅਤੇ ਗੁਰਮਤਿ ਅੰਦਰਿ ਗੁਰਮੁਖ ਸਿਖ ਜਗਿਆਸੂ ਦੀ ਹਰ ਸਮੇਂ ਇਹੋ ਅਕਾਂਖਿਆ ਬਣੀ ਰਹਿੰਦੀ ਹੈ ਅਤੇ ਬਣੀ ਰਹਿਣੀ ਚਾਹੀਦੀ ਹੈ ਕਿ ਨਿਸ਼ਕਾਮ ਅਤੇ ਨਿਰ-ਇੱਛਤ ਹੋ ਕੇ ਕੇਵਲ ਗੁਰਮੰਤਰ, ਗੁਰਮਤਿ ਨਾਮ ਦਾ ਸਿਮਰਨ ਹੀ ਕਰੀ ਜਾਵੇ, ਸਿਮਰਨ-ਦਾਤੇ ਗੁਰੂ ਕਰਤਾਰ ਤੋਂ ਜਦ ਮੰਗ ਮੰਗੇ ਤਾਂ ਸਿਮਰਨ ਦੀ ਹੀ ਮੰਗੇ। ਹੋਰ ਸਾਰੇ ਮਨੋਰਥ ਇਸ ਮੰਗ ਦੇ ਪਿਛੇ ਸੁਤੇ ਸੁਭਾਵ ਹੀ ਲਗੇ ਤੁਰੇ ਆਉਂਦੇ ਹਨ, ਪਰੰਤੂ ਸਿਮਰਨ-ਸ਼ੈਦਾਈਆਂ (ਆਸ਼ਕਾਂ) ਦੀ ਸਭ ਤੋਂ ਵਡੀ ਅਰਥ-ਪ੍ਰਮਾਰਥੀ ਮੰਗ ਚਰਨ ਕੰਵਲਾਂ ਦੀ ਮਉਜ ਮਾਨਣ ਦੀ ਹੁੰਦੀ ਹੈ, ਜੋ ਕੇਵਲ ਸਿਮਰਨ-ਕਮਾਈ ਦੁਆਰਾ ਹੀ ਪੂਰੀ ਹੁੰਦੀ ਹੈ। ਇਸ ਸਿਮਰਨ-ਅਕਾਂਖਿਆ ਦੀ ਇਸ ਅਗਲੇ ਗੁਰਵਾਕ ਵਿਖੇ ਸਤਿਗੁਰੂ ਨੇ ਸਾਨੂੰ ਸੋਹਣੀ ਜਾਚ ਸਿਖਾਈ ਹੈ :-

ਮਾਂਗਉ ਰਾਮ ਤੇ ਇਕੁ ਦਾਨੁ॥
ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ॥੧॥ਰਹਾਉ॥
ਚਰਨ ਤੁਮ੍ਾਰ ਹਿਰਦੈ ਵਾਸਹਿ ਸੰਤਨ ਕਾ ਸੰਗਿ ਪਾਵਉ॥

ਧਨਾਸਰੀ ਮਹਲਾ ੫, ਪੰਨਾ ੬੮੨

ਸਿਮਰਨ-ਕਲਾ ਦੁਆਰਾ ਚਰਨ ਕਮਲਾਰ ਦੇ ਰਿਦੈ ਉਦੋਤ ਹੋਣ ਸਾਰ, ਅੰਮ੍ਰਿਤ-ਰਸ-ਰਸਾਇਣੀ ਭੁੰਚਾਰ ਆਰੰਭ ਹੋ ਜਾਂਦੀ ਹੈ। ਅੰਮ੍ਰਿਤ-ਨਾਮ ਦਾ ਅੰਮ੍ਰਿਤ-ਸਰਸ਼ਾਰੀ-ਚਸ਼ਮਾ ਜਦੋਂ ਸਿਮਰਨ ਅਭਿਆਸ ਕਮਾਈ ਦੁਆਰਾ ਘਟ ਅੰਤਰਿ ਸਫੁਟ ਹੁੰਦਾ ਹੈ ਤਦੋਂ ਹੀ ਚਰਨ ਕੰਵਲਾਂ ਦਾ ਜ਼ਹੂਰ ਮਉਜਜ਼ਨ ਹੁੰਦਾ ਹੈ। ਯਥਾ ਗੁਰਵਾਕ :-

ਤਾ ਕਉ ਬਿਘਨੁ ਨ ਕੋਈ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ॥
ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ॥੩॥

ਸੋਰਠਿ ਮਹਲਾ ੫, ਪੰਨਾ ੬੧੯

ਇਹੋ ਭਾਵ ਅਗਲਾ ਗੁਰਵਾਕ ਭੀ ਪ੍ਰੌੜ੍ਹਤਾ ਸਹਿਤ ਨਿਰੂਪਨ ਕਰਾਉਂਦਾ ਹੈ :-

ਚਰਨ ਕਮਲ ਸਿਉ ਜਾ ਕਾ ਮਨੁ ਲੀਨਾ ਸੇ ਜਨ ਤ੍ਰਿਪਤਿ ਅਘਾਈ॥
ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਜਨ ਤ੍ਰਿਸਨ ਤ੍ਰਿਖਾਈ॥੧॥
ਹਰਿ ਆਰਾਧੇ ਅਰੋਗ ਅਨਦਾਈ॥ ਧਨਾਸਰੀ ਮ: ੫, ਪੰਨਾ ੬੧੨

ਭਾਵ, ਹਰਿ ਸਿਮਰਨ (ਹਰਿ ਆਰਾਧਨ) ਕਰਿ, ਨਾਮ ਸਿਮਰਨਹਾਰਾ ਅਰੋਗ ਹੋ ਜਾਂਦਾ ਹੈ, ਅਤੇ ਸਰਬ-ਰੋਗ-ਰਹਿਤ ਹੋ ਕੇ ਅਨੰਦਤ ਹੋ ਜਾਂਦਾ ਹੈ। ਇਸ ਆਤਮ-ਆਨੰਦੀ-ਦਸ਼ਾ ਅੰਦਰ ਚਰਨ ਕੰਵਲ ਰਸ-ਜੋਤਿ ਸ਼ਗੂਫੇ ਦਾ ਅੰਕੂਰ ਆਨਿ ਪ੍ਰਗਟ ਹੁੰਦਾ ਹੈ। ਇਸ ਚਰਨ ਕੰਵਲ ਰਸ-ਜੋਤਿ ਆਨੰਦ ਵਿਚ ਜਿਸ ਅਭਿਆਸੀ ਜਨ ਦਾ ਮਨ ਲੀਨ ਹੋ ਜਾਂਦਾ ਹੈ, ਉਸ ਦੀਆਂ ਸਭ ਭੁੱਖਾਂ ਮਿਟ ਜਾਂਦੀਆਂ ਹਨ, ਉਹ ਇਸ ਚਰਨ ਕੰਵਲ ਰਸ-ਜੋਤਿ-ਲੀਨਤਾ ਵਿਚ ਹੀ ਤ੍ਰਿਪਤਿ ਹੋ ਕੇ ਰਜਿਆਂ ਰਹਿੰਦਾ ਹੈ। ਅਜਿਹੇ ਅਮੋਲ ਗੁਣਾਂ ਵਾਲਾ ਵਾਗਿਗੁਰੂ ਯਾ ਵਾਹਿਗੁਰੂ ਨਾਮ ਜਿਸ ਦੇ ਹਿਰਦੇ ਵਿਚ ਨਹੀਂ ਵਸਿਆ, ਉਸ ਦੀ ਭੁਖ ਤ੍ਰਿਸ਼ਨਾ ਕਦੇ ਨਹੀਂ ਉਤਰਦੀ, ਉਹ ਸਦਾ ਹੀ ਤ੍ਰਿਖਾਲੂ ਤੇ ਤ੍ਰਿਸ਼ਨਾਲੂ ਹੀ ਬਣਿਆ ਰਹਿੰਦਾ ਹੈ, ਕਦੇ ਭੀ ਨਹੀਂ ਅਘਾਉਂਦਾ ਤ੍ਰਿਪਤਾਉਂਦਾ।

ਵਾਹਿਗੁਰੂ ਨਾਮ ਦਾ ਸਿਮਰਨਾ ਅਤੇ ਸਿਮਰੀ ਜਾਣਾ, ਚਰਨ ਕੰਵਲਾਂ ਦਾ ਮਨ ਵਿਚ ਉਤਾਰ ਕੇ ਖਿਨ ਖਿਨ ਰਸ ਲਈ ਜਾਣਾ ਹੈ। ਯਥਾ ਗੁਰਵਾਕ :-



www.AKJ.Org

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ ॥
ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ ॥੨॥੧੨॥੯੮॥
ਬਿਲਾਵਲੁ ਮਹਲਾ ੫, ਪੰਨਾ ੮੨੪

ਅਰਥਾਤ, ਸਿਮਰਨ-ਕਮਾਈ ਦੁਆਰਾ ਜਦੋਂ ਨਾਮ ਦਾ ਵਿਗਾਸ ਅੰਤਰਗਤਿ ਹੁੰਦਾ ਹੈ, ਤਦੋਂ ਹੀ ਚਰਨ ਕੰਵਲ ਰੂਪੀ ਜੋਤਿ ਵਿਗਾਸੀ ਜ਼ਹੂਰ ਅੰਤਰ-ਆਤਮੇ ਆਣ ਉਦੇ ਹੁੰਦਾ ਹੈ, ਤਦੋਂ ਇਸ ਪਦ ਪ੍ਰਗੜੇ ਸਿਮਰਨ-ਰਸ ਵਿਚ ਹੀ ਇਸ ਸੰਸਾਰ ਰੂਪੀ ਬਿਖਿਆਬਨ-ਘੋਰ ਨੂੰ ਅਨੰਦ ਸੇਤੀ ਗਾਹ ਸਿਟੀਦਾ ਹੈ ਅਤੇ ਸਿਮਰਨ ਦੀ ਇਸ ਅਵਸਥਾ ਵਿਖੇ ਹੀ ਚਰਨ ਕੰਵਲ, ਭਵ-ਸਾਗਰ ਤੋਂ ਪਾਰ ਉਤਰਨ ਲਈ ਬੋਹਿਥ ਰੂਪ ਹੋ ਕੇ ਪਰਗਟ ਤੇ ਪ੍ਰਾਪਤ ਹੁੰਦੇ ਹਨ। ਯਥਾ ਗੁਰਵਾਕ :–

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥੧॥
ਚਰਨ ਪ੍ਰਭੂ ਕੇ ਬੋਹਿਥੁ ਪਾਏ - ਭਵ ਸਾਗਰੁ ਪਾਰਿ ਪਰਾਹੀ ॥
ਬਿਲਾਵਲੁ ਮਹਲਾ ੫, ਪੰਨਾ ੮੨੪

ਰਾਮ-ਰਸਾਇਣ-ਰਤੜੀ ਰਸਨਾ, ਨਾਮ ਨਿਧਾਨੀ ਚਰਨ ਕੰਵਲ ਦੇ ਰਸ-ਜੋਤਿ ਨਿਧਾਨ ਨੂੰ ਪਰਜੁਅਲਤ ਕਰਨਹਾਰੀ ਇਕ ਪਰਮ ਅਧਭੁਤ ਜੁਆਲਾ ਮੁਖੀ ਖਾਨ ਹੈ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :–

ਰਸਨਾ ਰਾਮ ਰਸਾਇਨ ਮਾਤੀ ॥
ਰੰਗਿ ਰੰਗੀ ਰਾਮ ਅਪਨੇ ਕੈ ਚਰਨ ਕਮਲ ਨਿਧਿ ਥਾਤੀ ॥ ਧਨਾਸਰੀ ਮ: ੫, ਪੰਨਾ ੬੮੧

ਗੁਰਮਤਿ ਨਾਮ ਇਕ ਪਾਰਸ ਰੂਪ ਰਸਾਇਣ ਹੈ। ਜਦ ਇਹ ਸਿਮਰਨ-ਜਾਪ ਅਭਿਆਸ-ਕਮਾਈ ਦੁਆਰਾ ਰਸਨਾ ਨਾਲ ਪਰਸਿਆ ਜਾਂਦਾ ਹੈ ਤਾਂ ਇਸ ਰਾਮ-ਰਸਾਇਨ-ਪਰਸੀਧੀ-ਰਸਨਾ ਤੋਂ ਰਸ-ਜੋਤਿ ਦੀ ਬਿਜਲੀ ਪ੍ਰਗਟ ਹੁੰਦੀ ਹੈ, ਤਾਂ ਇਹ ਉਸ ਰਸ-ਜੋਤਿ-ਬਿਜਲਾਣੀ-ਰੰਗਣ ਨਾਲ ਰੰਗੀ ਜਾਂਦੀ ਹੈ। ਇਸ ਰਸ-ਜੋਤਿ-ਬਿਜਲਾਣੀ-ਰੰਗਣ ਵਿਚ ਰੰਗੇ ਹੋਏ ਚਰਨ ਕੰਵਲ (ਪਾਰਬ੍ਰਹਮ ਪ੍ਰੀਤਮ ਜੋਤੀ ਸਰੂਪ ਵਾਹਿਗੁਰੂ ਦੇ) ਘਟ ਅੰਤਰ ਹੀ ਬਿਜਲ-ਦਮਕਾਣੀ-ਆਭਾ ਮਾਰ ਉਠਦੇ ਹਨ, ਇਸ ਬਿਧ ਇਹ ਰਾਮ ਰਸਾਇਣ ਮਾਤੀ ਰੰਗ ਰਾਤੀ ਰਸਨਾ, ਚਰਨ ਕੰਵਨ ਨਿਧਿ ਥਾਤੀ ਬਣ ਜਾਂਦੀ ਹੈ। ਬਣਨੀ ਤਾਂ ਸੀ, ਜਦ ਇਸ ਰਸਨਾ ਦੁਆਰਾ ਨਾਮ ਦਾ ਸਿਮਰਨ ਕਰ ਕਰ ਕੇ ਨਾਮ-ਅਭਿਆਸੀ ਨੂੰ ਨਾਮ ਸਿਮਰਨ ਦਾ ਪਹਿਲਾ ਪਰਤੱਖ ਤਜਰਬਾ :–

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਸੀਤਲ ਤਨੁ ਮਨੁ ਛਾਤੀ ॥
[ਧਨਾਸਰੀ ਮ: ੫, ਪੰਨਾ ੬੮੧

ਵਾਲਾ ਆਣ ਹੁੜੀਂ ਵਰਤਦਾ ਹੈ, ਅਰਥਾਤ, ਨਾਮ ਦੀ ਕਮਾਈ ਦੇ ਸਫੁਟ ਅਤੇ ਪਰਫੁਲਤ ਹੋਣ ਦਾ ਪਹਿਲਾ ਸ਼ਗਨ ਇਹ ਹੁੰਦਾ ਹੈ ਕਿ ਨਾਮ ਸਿਮਰਨ ਕਮਾਈਆਂ ਵਾਲੇ ਦਾ ਤਨ, ਮਨ, ਜੀਉ, ਹੀਅੜਾ ਅਤੇ ਛਾਤੀ ਸੀਨੜਾ ਸਭਿ ਸੀਤਲ ਹੋ ਜਾਂਦੇ ਹਨ। ਜਿਸ ਸੀਤਲਤਾ ਨੂੰ ਕੋਈ ਸੀਤਲਤਾ ਨਹੀਂ ਪੁਜ ਸਕਦੀ।

"ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ" ਹੈ ਅਤੇ ਇਸ ਸੀਤਲਤਾ ਦੀ ਸੁਖ-ਸੰਪਟੀ ਮਉਜ ਭੀ ਅਕਥਨੀਯ ਹੈ। ਗੱਲ ਕੀ, ਨਾਮ-ਸਿਮਰਨ-ਕਲਾ ਦੇ ਪਾਰਸ-ਪਰੱਸਨੀ-ਦਿਬ-ਲਤੀਫ਼ੀ ਚਰਨ ਕੰਵਲਾਂ ਦੇ ਭਜਨ ਸੇਵਨਹਾਰੇ ਗੁਰਮੁਖਾਂ ਦੇ ਸੁਖ-ਫਲ ਦੀ ਮਹਿਮਾ ਅਗਾਧ ਬੋਧ ਹੈ, ਜੈਸਾ ਕਿ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਹੇਠ ਲਿਖੇ ਕਬਿੱਤ ਭਲੀ ਪ੍ਰਕਾਰ ਨਿਰੂਪਨ ਕਰਦੇ ਹਨ :–

(੧) ਚਰਨ ਕਮਲ ਭਜਿ ਕਮਲ ਪ੍ਰਗਾਸ ਭਏ, ਦਰਸ ਦਰਸਿ ਸਮਦਰਸ ਦਿਖਾਏ ਹੈ ॥
ਸਬਦ ਸੁਰਤਿ ਅਨਹਦ ਲਿਵਲੀਨ ਭਏ, ਉਨਮਨ ਮਗਨ ਗਗਨਪੁਰ ਛਾਏ ਹੈ ॥
ਪ੍ਰੇਮ ਰਸ ਬਸਿ ਹੋਇ ਬਿਸਮ ਬਿਦੇਹ ਭਏ, ਅਤਿ ਅਸਚਰਜ ਮੈ ਹੇਰਤ ਹਿਰਾਏ ਹੈ ॥


www.AKJ.Org

ਗੁਰਮੁਖਿ ਸੁਖ ਫਲ ਮਹਿਮਾ ਅਗਾਧਿ ਬੋਧਿ, ਅਕਥ ਕਥਾ ਬਿਨੋਦ ਕਹਤ ਨ ਆਏ ਹੈ ॥੩੩॥

(੨) ਚਰਨ ਕਮਲ ਮਕਰੰਦ ਰਸ ਲੁਭਤ ਹੋਇ, ਨਿਜ ਘਰ ਸਹਜ ਸਮਾਧ ਲਿਵ ਲਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਗੁਰਮਤਿ ਰਿਦੇ ਜਗਮਗ ਜੋਤਿ ਜਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਅੰਮ੍ਰਿਤ ਨਿਧਾਨ ਪਾਨ ਦੁਰਮਤਿ ਭਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਮਾਇਆ ਮੈ ਉਦਾਸ ਬਾਸ ਬਿਰਲੋ ਬੈਰਾਗੀ ਹੈ ॥੬੮॥

(੩) ਚਰਨ ਕਮਲ ਕੋ ਮਹਾਤਮ ਅਗਾਧਿ ਬੋਧਿ, ਅਤਿ ਅਸਚਰਜ ਮੈ ਨਮੋ ਨਮੋ ਨਮ ਹੈ ॥
ਕੋਮਲ ਕੋਮਲਤਾ ਅਉ ਸੀਤਲ ਸੀਤਲਤਾ ਕੈ,ਬਾਸਨਾ ਸੁਬਾਸ ਤਾਸੁ ਦੁਤੀਆ ਨ ਸਮ ਹੈ॥
ਸਹਜ ਸਮਾਧਿ ਨਿਜ ਆਸਨ ਸਿੰਘਾਸਨ ਮੈ,ਸ੍ਵਾਦ ਬਿਸਮਾਦ ਰਸ ਗੰਮਯਤਾ ਅਗਮ ਹੈ ॥
ਰੂਪ ਕੈ ਅਨੂਪ ਰੂਪ ਮਨ ਮਨਸਾ ਥਕਤ, ਅਕਥ ਕਥਾ ਬਿਨੋਦ ਬਿਸਮੈ ਬਿਸਮ ਹੈ ॥੮੦॥

(੪) ਚਰਨ ਕਮਲ ਮਕਰੰਦ ਰਸ ਲੁਭਿਤ ਹੁਇ, ਸਹਜ ਸਮਾਧਿ ਸੁਖ ਸੰਪਟ ਸਮਾਨੇ ਹੈ ॥
ਭੈਜਲ ਭਯਾਨਕ ਲਹਿਰ ਨ ਬਿਆਪਿ ਸਕੈ,ਦੁਬਿਧਾ ਨਿਵਾਰਿ ਏਕ ਟੇਕ ਠਹਿਰਾਨੇ ਹੈ ॥
ਦ੍ਰਿਸਟਿ ਸਬਦ ਸੁਰਤਿ ਬਰਜਿ ਬਿਸਰਜਿਤ,ਪ੍ਰੇਮ ਨੇਮ ਬਿਸਮ ਬਿਸ੍ਵਾਸ ਉਰਿ ਆਨੇ ਹੈ ॥
ਜੀਵਨ ਮੁਕਤਿ ਜਗਿ ਜੀਵਨ ਜੀਵਨ ਮੂਲ, ਆਪਾ ਖੋਇ ਹੋਇ ਅਪਰੰਪਰ ਪਰਾਨੇ ਹੈ ॥੯੨॥

ਕਿਰਤਮ ਨਾਮ ਤੋਂ ਨਿਰਾਲਮ ਤੇ ਨਿਖਾਲਸ ਗੁਰਮੰਤ੍ਰ (ਗੁਰਮਤਿ ਨਾਮ) ਦੇ ਜਪਣਹਾਰੇ ਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ ਵਰੋਸਾਏ ਗੁਰਮੁਖ ਸਿਖ ਸਦਾ ਚਰਨ ਕਮਲ ਸਰਨਾਈ ਰਹਿਣ ਦਾ ਫ਼ੈਜ਼ ਅਨੰਦ ਮਾਣਦੇ ਹਨ ।

ਚਰਨ ਕਮਲ ਨਾਨਕ ਸਰਣਾਈ ਰਾਮ ਨਾਮ ਜਪਿ ਨਿਰਮਲ ਮੰਤ ॥੨॥੧੯॥੧੦੫॥
[ਬਿਲਾਵਲ ਮ: ੫, ਪੰਨਾ ੮੨੫

ਗੁਰੂ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਜਪਣਾ ਅਤੇ ਵਾਹਿਗੁਰੂ ਨਾਮ ਨੂੰ ਜਪਣਾ ਬਿਲਕੁਲ ਸਮਸਰ ਅਰਥ ਬਿਵਸਥਾ ਵਿਚ ਅਭੇਦ ਰੂਪ ਹੈ । ਜੈਸਾ ਕਿ ਇਸ ਅਗਲੇ ਗੁਰਵਾਕ ਵਿਚ ਵਿਦਮਾਨ ਹੈ :—

ਉਦਮ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥
ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥ ੧ ॥
ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥
ਪਾਰਬ੍ਰਹਮ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥੧॥ਰਹਾਉ॥
[ਬਿਲਾਵਲ ਮਹਲਾ ੫, ਪੰਨਾ ੫੮੧

ਭਾਵ—ਵਾਹਿਗੁਰੂ ਨਾਮ ਜਪਣ (ਸਿਮਰਨ ਕਰਨ) ਦੇ ਉਦਮ ਆਹਰ ਵਿਚ ਲਗਣਾ ਹੀ ਅਨੰਦ ਉਤਸ਼ਾਹ ਮਈ ਹੈ, ਅਤੇ ਨਾਮ ਦੇ ਖਾਸ ਸਿਮਰਨ ਜਾਪ ਵਿਚ ਜੁਟਣਾ ਤਾਂ ਤਤ-ਸਾਰ ਸੁਖ, ਸੁਖਾਂ ਸਿਰ ਸਾਰ ਸੁਖ ਉਪਜਾਇਕ ਪਾਰਸ ਰਸਾਇਣ ਹੈ । ਗੋਬਿੰਦ ਵਾਹਿਗੁਰੂ ਦਾ ਨਾਮ ਜਪ ਜਪ ਕੇ ਹੀ ਪੂਰਨ ਤੱਤ ਗੁਰਮਤਿ ਵੀਚਾਰ ਦੀ ਸੋਝੀ ਪੈਂਦੀ ਹੈ । ਨਾਮ ਜਪਣਾ ਹੀ ਤਤ ਵੀਚਾਰ, ਵੀਚਾਰਾਂ ਸਿਰ ਵੀਚਾਰ, ਸਿਰੋਮਣੀ ਵਿਚਾਰ ਹੈ ।

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥ (੫੨)

ਗੁਰਵਾਕ ਦੇ ਭਾਵ ਅਨੁਸਾਰ ਭੀ ਇਹੋ ਸਿਧ ਹੁੰਦਾ ਹੈ ਕਿ ਸਤਿਗੁਰ ਦੇ ਬਚਨਾਂ ਦਾ ਕਮਾਵਣਾ ਹੀ ਸੱਚਾ ਵੀਚਾਰ ਹੈ ਅਤੇ ਸਤਿਗੁਰ ਦੇ ਬਚਨਾਂ ਦਾ ਕਮਾਵਣਾ ਨਾਮ ਅਭਿਆਸ ਕਮਾਈ ਕਰਨਾ ਹੀ ਹੈ । ਵਾਹਿਗੁਰੂ ਰੂਪ ਗੁਰੂ ਦੇ ਚਰਨ ਕੰਵਲਾਂ ਦਾ ਜਪਣਾ ਅਤੇ ਵਾਹਿਗੁਰੂ ਨਾਮ ਦਾ ਜਪਣਾ ਇਕ ਹੀ ਗੱਲ ਹੈ । ਤਾਂ ਹੀ ਤੇ



www.AKJ.Org

ਵਾਹਿਗੁਰੂ ਮੂਰਤਿ ਸਤਿਗੁਰੂ ਦੇ ਚਰਨ ਕੰਵਲਾਂ ਦੇ ਭਉਰੇ ਅਤੇ ਵਾਹਿਗੁਰੂ ਨਾਮ ਦੇ ਜਾਪ ਦੇ ਮੁਸ਼ਤਾਕ ਸ਼ੈਦਾਈ ਚਰਨ ਕੰਵਲਾਂ ਨੂੰ ਜਪ ਜਪ ਕੇ, ਭਾਵ, ਵਾਹਿਗੁਰੂ ਨਾਮ ਨੂੰ ਜਪ ਜਪ ਕੇ ਹੀ ਜੀਉਂਦੇ ਹਨ। ਚਰਨ ਕੰਵਲਾਂ ਦਾ ਇਸ਼ਕ ਸ਼ਿਕੰਜਨੀ ਧਿਆਨ ਚਰਨ ਕੰਵਲੀਸ਼ਰ ਵਾਹਿਗੁਰੂ ਨਾਮ ਯਾ ਵਾਹਿਗੁਰੂ ਨੂੰ ਆਰਾਧਨ ਦੇ ਸਦਰਸ ਹੈ। ਤਾਂ ਹੀ ਤੇ ਉਪਰਲੇ ਗੁਰਵਾਕ ਅੰਦਰਿ "ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ" ਵਾਲੀ ਤੁਕ ਦੇ ਨਾਲ ਲਗਦੀ ਹੀ ਇਹ ਤੁਕ ਉਚਰਣਤ ਹੈ–

"ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥" (੮੧੫)

ਪਾਰਬ੍ਰਹਮ ਪਰਮੇਸ਼ਰ ਵਾਹਿਗੁਰੂ ਨੂੰ ਆਰਾਧਨ ਕਰ ਕੇ ਭੀ ਮੁਖਿ ਅੰਮ੍ਰਿਤ ਪੀਵੀਦਾ ਹੈ ਅਤੇ ਚਰਨ ਕੰਵਲਾਂ ਦਾ ਆਰਾਧਨ ਭੀ ਅੰਮ੍ਰਿਤ ਰਸ ਗਟਾਕਾਂ ਨੂੰ ਪੀਆਵਨ ਚਖਾਵਨਹਾਰਾ ਹੈ, ਜੈਸਾ ਕਿ ਪਿਛੇ ਸਿਧ ਹੋ ਚੁਕਾ ਹੈ। ਤਾਂ ਤੇ ਦੋਹਾ ਅਰਾਧਨੀਯ ਪਦਾਰਥਾਂ ਦਾ ਪਰਮਾਰਥ ਇਕੋ ਹੀ ਹੈ। ਇਹ ਸਭ ਅੰਮ੍ਰਿਤ-ਨਾਮ ਦੀਆਂ ਪਾਰਸ-ਕਮਾਈਆਂ ਦੇ ਹੀ ਜ਼ਹੂਰ ਚਮਤਕਾਰੇ ਹਨ।

ਗੁਣੀ ਗੁਣਤਾਸ ਵਾਹਿਗੁਰੂ ਅਕਾਲ ਪੁਰਖ ਦੇ ਚਰਨ ਕੰਵਲਾਂ ਦੀ ਟੇਕ, ਨਾਭ ਸੁਆਸ ਟੇਕਨੀ ਟੇਕ, ਹੀਰੇ ਹੀਰ ਬੇਧੰਨੀ ਟੇਕ, ਰਸ-ਜੋਤਿ-ਜੋਤੰਨੀ ਟੇਕ, ਰਸ-ਲਿਵਨ-ਖਿਵੰਨੀ ਟੇਕ, ਲਿਵ-ਖਿਵੰਨ-ਬਿਸਮੰਨੀ ਟੇਕ, ਨਾਮ ਸਿਮਰਨ ਅਤੇ ਕੀਰਤਨ ਦੇ ਲਾਹੇ, ਹੋਰੋ ਹੋਰ ਲਾਹੇ ਲੈਣ ਲਈ ਤੇ ਲੈਂਦੇ ਰਹਿਣ ਲਈ ਖਿਨ-ਖਿਨੀ ਉਮਾਹੇ ਉਪਜਾਉਂਦੀ ਹੈ। ਸੋਈ ਭਾਵ ਇੰਨ ਬਿੰਨ ਇਹ ਗੁਰਵਾਕ ਨਿਰੂਪਨ ਕਰਾਉਂਦਾ ਹੈ :–

ਚਰਨ ਕਮਲ ਕਾ ਆਸਰਾ ਪ੍ਰਭ ਪੁਰਖ ਗੁਣਤਾਸੁ ॥
ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥੧॥ਰਹਾਉ॥

[ਬਿਲਾਵਲ ਮਹਲਾ ੫, ਪੰਨਾ ੮੧੮

ਤਾਂ ਤੇ ਜਬ ਲਗ ਘਟ ਅੰਤਰਿ ਸੁਆਸ ਵਗਦੇ ਹਨ, ਚਰਨ ਕੰਵਲਾਂ ਦੇ ਮਉਜ-ਮਸਤ-ਭੰਵਰੇ ਕੀਰਤਨ-ਰੰਗਾਂ ਅਤੇ ਨਾਮ-ਅਭਿਆਸ-ਤ੍ਰੰਗਾਂ ਦੇ ਵਜਦ ਵਿਚ ਹੀ ਮਸਤਾਨੇ ਰਹਿੰਦੇ ਹਨ। ਚਰਨ ਕੰਵਲਾਂ ਦੀ ਦਰਸ-ਲੀਨਤਾ ਵਿਚ ਮਗਨ ਹੋ ਕੇ ਜ਼ੋਰੋ ਜ਼ੋਰ ਕੀਰਤਨ, ਨਾਮ ਅਭਿਆਸ ਦਾ ਖੰਡਾ ਖੜਕਾਉਂਦੇ ਹਨ ਅਤੇ ਇਕ ਸੁਆਸ ਭੀ ਬਿਰਥਾ ਨਹੀਂ ਜਾਣ ਦਿੰਦੇ। ਦੇਖੋ ਅਗਲਾ ਗੁਰਵਾਕ ਚਰਨ ਕੰਵਲਾਂ ਨੂੰ ਰਿਦੈ ਧਿਆਉਣ ਦੀ ਗਤਿ ਮਿਤ ਨੂੰ ਕੈਸਾ ਦ੍ਰਿੜ੍ਹਾਉਂਦਾ ਹੈ :–

ਚਰਨ ਕਮਲ ਪ੍ਰਭ ਹਿਰਦੈ ਧਿਆਏ ॥ ਰੋਗ ਗਏ ਸਗਲੇ ਸੁਖ ਪਾਏ ॥੧॥
ਗੁਰਿ ਦੁਖੁ ਕਾਟਿਆ ਦੀਨੋ ਦਾਨੁ ॥ ਸਫਲ ਜਨਮੁ ਜੀਵਨ ਪਰਵਾਨੁ ॥੧॥ਰਹਾਉ॥
ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥ ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥

[ਬਿਲਾਵਲ ਮ: ੫, ਪੰਨਾ ੮੦੬

ਇਸ ਗੁਰਵਾਕ ਦੇ ਭਾਵ ਤੋਂ ਇਹ ਗੁਰਮਤਿ ਗੂੜ੍ਹ ਭੇਦ ਖੁਲ੍ਹਦੇ ਹਨ : ਨਾਮ ਸਿਮਰਨ ਦੀ ਪਾਰਸ-ਚੁੰਭਕੀ-ਕ੍ਰਿਸ਼ਮ-ਕਮਾਈ ਕਰਿ ਹਿਰਦੇ ਪ੍ਰਗਟਾਏ, ਹਿਰਦੇ ਰਸ ਰਸਾਏ, ਹਿਰਦੇ ਜੋਤਿ ਜਗਨਾਏ, ਚਰਨ ਕੰਵਲਾਂ ਦਾ ਧਿਆਨ ਆਰਾਧਨ ਕਰਨਾ ਸਗਲੇ ਰੋਗਾਂ ਦਾ ਬਿਨਾਸਨਹਾਰਾ ਅਤੇ ਸਮੂਹ ਸੁਖਾਂ ਦਾ ਪ੍ਰਕਾਸ਼ਨ-ਹਾਰਾ ਹੈ। ਗੁਰੂ ਸਾਹਿਬ ਨੇ ਅਪਾਰ ਕਿਰਪਾ ਧਾਰੀ ਹੈ ਕਿ ਆਪਣੇ ਗੁਰਸਿਖ ਸੇਵਕ ਪਿਆਰਿਆਂ ਅਭਿਆਸੀ ਜਨਾਂ ਨੂੰ ਨਾਮ ਸਿਮਰਨ ਦੇ ਦਾਨ ਚਰਨ ਕੰਵਲਾਂ ਦੇ ਧਿਆਨ-ਦਾਨ ਦੀ ਦਾਤਿ ਬਖਸ਼ੀ ਹੈ। ਜਿਸ ਦਾਨ ਦਾਤਾਰਨੀ ਬਖਸ਼ਿਸ਼ ਦੁਆਰਾ ਗੁਰੂ ਸਾਹਿਬ ਨੇ ਆਪਣੇ ਸਿਖਾਂ ਦਾ ਜਨਮ ਮਰਨ ਦਾ ਦੁਖ ਕਟ ਦਿਤਾ ਹੈ ਅਤੇ ਇਸ ਦਾਤਿ ਕਰਕੇ ਉਹਨਾਂ ਦਾ ਜੀਵਨ ਸਫਲਾ ਹੋ ਗਿਆ ਹੈ ਅਤੇ ਹਰਿ ਦਰਗਹ ਪਰਵਾਨ ਪਿਆ ਹੈ।

[ਪੁਸਤਕ ਚਰਨ ਕਮਲ ਕੀ ਮਉਜ' ਵਿਚੋਂ


www.AKJ.Org

# ਕਸ਼ਮੀਰ-ਫੇਰੀਆਂ

[ਵਲੋਂ–ਪ੍ਰੋਫੈਸਰ ਠਾਕਰ ਸਿੰਘ ਜੀ; ਸ੍ਰੀ ਅੰਮ੍ਰਿਤਸਰ]

੧੯੩੭-੩੮ ਦਾ ਜ਼ਿਕਰ ਹੈ, ਪੰਥ ਦੇ ਉਘੇ ਗੁਰੂ ਪਿਆਰੇ ਅਕਾਲੀ ਕੌਰ ਸਿੰਘ ਜੀ ਕਸ਼ਮੀਰ ਵਾਲੇ ਸ੍ਰੀਮਾਨ ਭਾਈ ਰਣਧੀਰ ਸਿੰਘ ਜੀ ਦੇ ਦਰਸ਼ਨ ਦੀਦਾਰਿਆਂ ਨੂੰ ਨਾਰੰਗਵਾਲ ਪੁਜੇ। ਵਿਦਾ ਹੋਣ ਲਗਿਆਂ ਆਪ ਜੀ ਭਾਈ ਸਾਹਿਬ ਜੀ ਤੋਂ ਇਕਰਾਰ ਲੈ ਗਏ ਕਿ ਉਹ ਅਕਾਲੀ ਜੀ ਦੇ ਡੇਰੇ ਚਕਾਰ, ਪੁਣਛ ਕਸ਼ਮੀਰ ਵਿਖੇ ਦਰਸ਼ਨ ਦੇਣਗੇ।

ਸ੍ਰੀ ਮਾਨ ਭਾਈ ਸਾਹਿਬ ਬੀਬੀ ਦਲੇਰ ਕੌਰ, ਬੀਬੀ ਸੁਖਦੇਵ ਕੌਰ ਤੇ ਬੀਬੀ ਕੁਲਵੰਤ ਕੌਰ ਜੀ ਦੇ ਨਾਲ ਪੁਣਛ ਅਕਾਲੀ ਕੌਰ ਸਿੰਘ ਜੀ ਦੇ ਡੇਰੇ ਪੁਜ ਗਏ। ਤਿੰਨਾਂ ਬੀਬੀਆਂ ਨੂੰ ਹੀ ਭਾਈ ਸਾਹਿਬ ਆਪਣੀ ਬੱਚੀ ਦਲੇਰ ਕੌਰ ਵਾਂਗ ਇਕ-ਸਮਾਨ ਹੀ ਵਧ ਤੋਂ ਵਧ ਪਿਆਰ ਕਰਦੇ ਸਨ। ਇਹ ਬੱਚੀਆਂ ਗੁਰਬਾਣੀ ਦਾ ਕੀਰਤਨ ਰੰਗਾਂ ਵਿਚ ਕਰਦੀਆਂ ਸਨ ਅਤੇ ਖ਼ੂਬ ਅਨੰਦ ਬਝਦੇ ਸਨ। ਬਾਅਦ ਵਿਚ ਬੀਬੀਆਂ ਦੇ ਇਸ ਪਹਿਲੇ ਕੀਰਤਨੀ ਜਥੇ ਨੂੰ ਟਕਸਾਲੀ ਜਥਾ ਕਰ ਕੇ ਪੁਕਾਰਿਆ ਜਾਂਦਾ ਰਿਹਾ ਹੈ ਅਤੇ ਬੀਬੀ ਉਪਦੇਸ਼ ਕੌਰ ਤੇ ਬੀਬੀ ਕਿਰਪਾਲ ਕੌਰ ਆਦਿ ਬੱਚੀਆਂ ਦੇ ਜਥੇ ਨੂੰ ਤਰੁਣਾ ਦਲ ਕਰਕੇ। ਭਾਈ ਸਾਹਿਬ ਜੀ ਲਗ ਪਗ ਇਕ ਮਹੀਨਾ ਅਕਾਲੀ ਕੌਰ ਸਿੰਘ ਜੀ ਪਾਸ ਠਹਿਰੇ ਅਤੇ ਗੁਰਬਾਣੀ ਤੇ ਸਿਮਰਨ ਆਦਿ ਬਾਰੇ ਕਈ ਗੁਰਮਤਿ ਵੀਚਾਰਾਂ ਹੁੰਦੀਆਂ ਰਹੀਆਂ। ਭਾਈ ਸਾਹਿਬ ਆਪਣਾ ਸਾਰਾ ਵਕਤ ਸਿਮਰਨ, ਗੁਰਬਾਣੀ ਅਤੇ ਕੀਰਤਨ ਵਿਚ ਬਿਤਾਂਦੇ ਸਨ।

ਆਉਂਦੇ ੧੯੩੯ ਦੇ ਸਾਲ ਭਾਈ ਦਿਆਲ ਸਿੰਘ ਜੀ ਨੇ ਸ੍ਰੀਮਾਨ ਭਾਈ ਸਾਹਿਬ ਜੀ ਨੂੰ ਸ੍ਰੀ ਨਗਰ ਕਸ਼ਮੀਰ ਵਿਖੇ ਸਦ ਭੇਜਿਆ। ਦਾਸ ਦੇ ਅਜ਼ੀਜ਼ ਕਾਕਾ ਦਿਆਲ ਸਿੰਘ ਦੀ ਪਲਟਨ ਉਥੇ ਹੀ ਟਿਕੀ ਹੋਣ ਕਰਕੇ ਬੀਬੀ ਸੁਖਦੇਵ ਕੌਰ ਤਾਂ ਪਹਿਲਾਂ ਹੀ ਕਸ਼ਮੀਰ ਵਿਖੇ ਸੀ। ਹੁਣ ਭਾਈ ਸਾਹਿਬ ਜੀ ਦੇ ਨਾਲ ਬੀਬੀ ਦਲੇਰ ਕੌਰ, ਬੀਬੀ ਕੁਲਵੰਤ ਕੌਰ ਤੇ ਬੀਬੀ ਦੇ ਜੀਵਨ ਸਾਥੀ ਕਾਕਾ ਪ੍ਰੇਮ ਸਿੰਘ ਜੀ ਵੀ ਉਥੇ ਪੁਜ ਗਏ। ਭਾਈ ਸਾਹਿਬ ਜੀ ਕਸ਼ਮੀਰ ਦੀਆਂ ਪਹਾੜੀਆਂ ਵਿਚ ਇਕ ਮਹੀਨਾ ਨਾਮ-ਸਿਮਰਨ ਦੇ ਰੰਗ ਮਾਣਦੇ ਰਹੇ ਅਤੇ ਫਿਰ ਬਟੌਤ, ਜੰਮੂ ਤੇ ਸਿਆਲਕੋਟ ਠਹਿਰ ਕੇ ਸ੍ਰੀ ਅੰਮ੍ਰਿਤਸਰ ਜੀ ਪੁਜੇ। ਇਥੇ ਅੰਮ੍ਰਿਤ-ਸਰੋਵਰ ਦੇ ਇਸ਼ਨਾਨ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸਨ ਪਰਸਨ ਕਰਦੇ ਹੋਏ ਵਾਪਸ ਨਾਰੰਗਵਾਲ ਪੁਜ ਗਏ।

੧੯੪੦ ਵਿਚ ਭਾਈ ਦਿਆਲ ਸਿੰਘ ਜੀ ਨੇ ਸ੍ਰੀ ਮਾਨ ਭਾਈ ਸਾਹਿਬ ਜੀ ਨੂੰ ਬਿਨੈ ਕਰ ਭੇਜੀ ਕਿ ਐਤਕੀ ਆਪ ਜੀ ਸਾਰੇ ਜਥੇ ਸਮੇਤ ਦਰਸ਼ਨ ਬਖਸ਼ੋ। ਕਸ਼ਮੀਰ ਜਾਣ ਲਈ ਸਾਰਾ ਜਥਾ ਦਾਸ (ਪ੍ਰੋ: ਠਾਕਰ ਸਿੰਘ) ਦੇ ਬੰਗੇ ਇਕੱਤਰ ਹੋਇਆ। ਸ਼ਾਮ ਨੂੰ ਸੋਦਰ ਦਾ ਦੀਵਾਨ ਸਜਿਆ। ਸ੍ਰੀ ਮਾਨ ਭਾਈ ਸਾਹਿਬ ਜੀ ਨੇ ਕੀਰਤਨ ਕਰਦਿਆਂ ਬੜੇ ਵੈਰਾਗ ਵਿਚ ਸ਼ਬਦ ਗਾਵਿਆ–

ਮਨੁ ਲੋਚੈ ਹਰਿ ਮਿਲਣ ਕਉ, ਕਿਉ ਦਰਸਨੁ ਪਾਈਆ ॥
ਮੈ ਲਖ ਵਿੜਤੇ ਸਾਹਿਬਾ, ਜੇ ਬਿੰਦ ਬੋੁਲਾਈਆ ॥
ਮੈ ਚਾਰੇ ਕੁੰਡਾ ਭਾਲੀਆ, ਤੁਧੁ ਜੇਵਡੁ ਨ ਸਾਈਆ ॥
ਮੈ ਦਸਿਹੁ ਮਾਰਗੁ ਸੰਤਹੋ, ਕਿਉ ਪ੍ਰਭੂ ਮਿਲਾਈਆ ॥
ਮਨੁ ਅਰਪਿਹੁ ਹਉਮੈ ਤਜਹੁ, ਇਤੁ ਪੰਥਿ ਜੁਲਾਈਆ ॥
ਨਿਤ ਸੇਵਿਹੁ ਸਾਹਿਬੁ ਆਪਣਾ, ਸਤਸੰਗਿ ਮਿਲਾਈਆ ॥
ਸਭੇ ਆਸਾ ਪੂਰੀਆ, ਗੁਰ ਮਹਲਿ ਬੁਲਾਇਆ ॥



www.AKJ.Org

ਤੁਧੁ ਜੇਵਡੁ ਹੋਰੁ ਨ ਸੁਝਈ, ਮੇਰੇ ਮਿਤ੍ਰ ਗੋਸਾਈਆ ॥੧੨॥ (੧੦੯੮)

ਦਰਸ਼ਨ-ਲਾਲਸਾ ਵਿਚ ਵਿਝੇ ਹਿਰਦੇ ਵਿਚੋਂ ਇਕ ਇਕ ਤੁਕ ਨਿਕਲਦੀ ਸੀ ਤਾਂ ਕੀਰਤਨ ਵਿਚ ਸ਼ਾਮਲ ਸਮੂਹ ਸਤਸੰਗੀ ਵੀ ਉਸੇ ਰੰਗ ਵਿਚ ਰੰਗੀਜੇ ਜਾ ਰਹੇ ਸਨ। ਦਰਸ-ਮਿਲਾਪ ਦੀ ਚਾਹਨਾ ਲਈ ਅੰਦਰੋਂ ਹੂਕਾਂ ਉਠਦੀਆਂ ਅਤੇ ਅਕਾਸ਼ ਵਿਚ ਗੂੰਜਦੀਆਂ ਜਾਂਦੀਆਂ ਸਨ। ਇਉਂ ਦਰਸ-ਮਿਲਾਪ ਦੀਆਂ ਅਰਜ਼ੋਈਆਂ ਕਰਦੇ ਕਰਦੇ ਅਗਲਾ ਸ਼ਬਦ ਲਿਆ :—

ਨੇਤ੍ਰ ਪੁਨੀਤ ਭਏ ਦਰਸ ਪੇਖੇ, ਮਾਥੈ ਪਰਉ ਰਵਾਲ ॥
ਰਸਿ ਰਸਿ ਗੁਣ ਗਾਵਉ ਠਾਕੁਰ ਕੇ, ਮੋਰੈ ਹਿਰਦੈ ਬਸਹੁ ਗੋਪਾਲ ॥੧॥
ਤੁਮ ਤਉ ਰਾਖਨਹਾਰ ਦਇਆਲ ॥
ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ, ਹੋਹੁ ਪ੍ਰਭੂ ਕਿਰਪਾਲ ॥੧॥ਰਹਾਉ॥
ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ ॥
ਹਿਰਦੈ ਚਰਣ ਸਬਦੁ ਸਤਿਗੁਰ ਕੋ, ਨਾਨਕ ਬਾਂਧਿਓ ਪਾਲ ॥੨॥੭॥੩੮॥ (੬੮੦)

"ਮੋਰੈ ਹਿਰਦੈ ਬਸਹੁ ਗੋਪਾਲ" ਦੀਆਂ ਜੋਦੜੀਆਂ ਬਾਰੰਬਾਰ ਕਰਦੇ ਜਦ ਆਖ਼ਰੀ ਪੰਗਤੀ "ਹਿਰਦੈ ਚਰਣ ਸਬਦੁ ਸਤਿਗੁਰ ਕੋ" ਤੇ ਪੁਜੇ ਤਾਂ ਇਸ ਤੁਕ ਨੂੰ ਗਾਇਨ ਕਰਦਿਆਂ ਨਾਮ-ਸਿਮਰਨ ਦੇ ਰੰਗਾਂ ਵਿਚ ਰੰਗੀਜੇ ਹੋਇਆਂ ਹੱਥ ਖੜਾ ਕਰ ਲਿਆ, ਕੀਰਤਨ ਬੰਦ ਹੋ ਗਿਆ ਅਤੇ ਬੋਲੇ, ਗੁਰਮੁਖੋ, ਦੇਖੋ ਇਸ ਵਿਚ ਹੋਰ ਕੋਈ ਵਾਧੂ ਅੱਖਰ ਨਹੀਂ, "ਹਿਰਦੈ ਚਰਨ" ਕਿਹੜੇ ? "ਸਬਦੁ ਸਤਿਗੁਰ ਕਉ"। ਚਰਨ ਦੇ ਅਰਥ ਸ਼ਬਦ ਹਨ।

ਦੀਵਾਨ ਦੀ ਸਮਾਪਤੀ ਹੋਈ ਤਾਂ ਸ੍ਰੀਮਾਨ ਭਾਈ ਸਾਹਿਬ ਜੀ ਪਾਸ ਬੀਬੀ ਤੇਜਵੰਤ ਕੌਰ ਦਾ ਸੁਨੇਹਾ ਲੈ ਕੇ ਇਕ ਗੁਰਮੁਖ ਆਇਆ। ਇਹ ਬੀਬੀ ਭਾਈ ਨਾਹਰ ਸਿੰਘ ਜੀ ਪਿੰਡ ਮੁੰਡੀਆਂ ਜ਼ਿਲਾ ਲੁਧਿਆਣੇ ਵਾਲਿਆਂ ਦੀ ਧਰਮ-ਪਤਨੀ ਸੀ, ਜੋ ਅਜ ਕਲ੍ਹ ਰਾਵਲਪਿੰਡੀ ਨੌਕਰੀ ਕਰਦੇ ਸਨ। ਇਹ ਬੀਬੀ, ਬੀਬੀ ਇੰਦਰ ਕੌਰ ਦੀ ਅੰਕ-ਸਹੇਲ਼ੀ ਸੀ। ਦੋਵੇਂ ਇਕੱਠੀਆਂ ਹੀ ਸ਼ਬਦ-ਕੀਰਤਨ ਕਰਦੀਆਂ। ਦਾਤਾ ਜੀ ਦਾ ਹੁਕਮ, ਜੁਬਾ ਅਵਸਥਾ ਵਿਚ ਹੀ ਰਾਵਲਪਿੰਡੀ ਰਹਿੰਦਿਆਂ ਬੀਬੀ ਤੇਜਵੰਤ ਕੌਰ ਨੂੰ ਟੀ.ਬੀ. ਹੋ ਗਿਆ। ਬੜਾ ਇਲਾਜ ਕਰਵਾਇਆ। ਕਈ ਵਾਰ ਮਰੀ ਪਹਾੜ ਤੇ ਰਖ ਕੇ ਦਾਰੂ-ਦਰਮਲ ਹੋਇਆ, ਪਰ ਭਾਣੇ ਅੰਦਰ ਬੀਮਾਰੀ ਵਧਦੀ ਹੀ ਗਈ। ਬੀਬੀ ਬੀਮਾਰੀ ਤੋਂ ਹਾਰ-ਹੰਭ ਕੇ ਅੰਤ ਆਪਣੇ ਪਿੰਡ ਘੁੰਗਰਾਣੇ ਆ ਗਈ। ਇਹ ਪਿੰਡ ਨਾਰੰਗਵਾਲ ਦੇ ਨਾਲ ਹੀ ਹੈ। ਭਾਈ ਸਾਹਿਬ ਜੀ ਇਸ ਬੀਬੀ ਨੂੰ ਬਹੁਤ ਹੀ ਪਿਆਰ ਕਰਦੇ ਸਨ। ਬੀਬੀ ਬੀਮਾਰੀ ਦੀ ਆਖ਼ਰੀ ਸਟੇਜ ਤੇ ਪੁਜ ਚੁਕੀ ਸੀ। ਉਸ ਦੀ ਅੰਤਮ ਲਾਲਸਾ ਇਕੋ ਇਕ ਰਹਿ ਗਈ ਸੀ ਕਿ ਭਾਈ ਸਾਹਿਬ ਜੀ ਦੇ ਸੰਗਤ ਸਮੇਤ ਉਸ ਨੂੰ ਦਰਸ਼ਨ ਹੋ ਜਾਣ। ਸੋ ਬੀਬੀ ਜੀ ਨੇ ਹੱਥ ਬੰਨ੍ਹ ਕੇ ਬੇਨਤੀ ਕਰ ਭੇਜੀ।

ਉਸ ਵਕਤ ਕਸ਼ਮੀਰ ਲਈ ਚਾਲੇ ਪਾਉਣ ਦਾ ਸਾਰੇ ਜਥੇ ਦਾ ਪ੍ਰੋਗਰਾਮ ਬਣ ਚੁਕਾ ਸੀ ਅਤੇ ਤਰੀਕਾਂ ਨੀਯਤ ਹੋ ਚੁਕੀਆਂ ਸਨ। ਸੋ ਸਾਰੇ ਜਥੇ ਦੇ ਪ੍ਰੋਗਰਾਮ ਨੂੰ ਬਦਲਣਾ ਮੁਸ਼ਕਲ ਸੀ। ਸ੍ਰੀਮਾਨ ਭਾਈ ਸਾਹਿਬ ਜੀ ਨੇ ਤਿੰਨਾਂ ਸਿੰਘਾਂ ਨੂੰ ਥਾਪਿਆ ਕਿ ਉਹ ਬੀਬੀ ਪਾਸ ਪੁਜ ਕੇ ਸਾਡੀ ਮਜਬੂਰੀ ਦੱਸਣ ਅਤੇ ਨਾਲ ਹੀ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਕਰਕੇ ਸ਼ਬਦ-ਕੀਰਤਨ ਕਰਨ, ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰ ਕੇ, ਬੀਬੀ ਲਈ ਅਰਦਾਸ ਕਰਨ ਅਤੇ ਕੜਾਹ ਪ੍ਰਸ਼ਾਦ ਦੇ ਗੱਫੇ ਬੀਬੀ ਨੂੰ ਛਕਾ ਕੇ ਸਿੱਧੇ ਸ੍ਰੀ ਅੰਮ੍ਰਿਤਸਰ ਗੁਰੂ ਰਾਮਦਾਸ ਨਿਵਾਸ ਵਿਖੇ ਉਨ੍ਹਾਂ ਪਾਸ ਪੁਜ ਜਾਣ। ਸੋ ਐਸਾ ਹੀ ਹੋਇਆ।

"ਰਾਮਦਾਸ ਸਰੋਵਰਿ ਨਾਤੇ" ਇਸ਼ਨਾਨੇ ਕਰਿ ਅਤੇ ਸਚਖੰਡ ਦੇ ਦਰਸ਼ਨ ਦੀਦਾਰੇ ਕਰ ਕੇ ਸਮੂਹ



www.AKJ.Org

ਸੰਗਤ ਨੇ ਜ਼ਿਲਾ ਸਿਆਲਕੋਟ ਵਿਚ ਡਾਕਟਰ ਬਸੰਤ ਸਿੰਘ ਜੀ ਪਿੰਡ ਸੇਖਵਾਂ ਨੂੰ ਚਾਲੇ ਪਾਏ। ਉਥੇ ਅਗੇ ਸ੍ਰੀ ਅਖੰਡ ਪਾਠ ਦਾ ਪ੍ਰੋਗਰਾਮ ਉਲੀਕਿਆ ਹੋਇਆ ਸੀ। ਸੋ ਬੜੇ ਅਨੰਦ ਵਿਚ ਆਸਾ ਦੀ ਵਾਰ ਦੇ ਕੀਰਤਨ ਤੋਂ ਪਿਛੋਂ ਅਖੰਡਪਾਠ ਪ੍ਰਾਰੰਭ ਹੋਇਆ ਅਤੇ ਭੋਗ ਪਿਛੋਂ ਖ਼ੂਬ ਰੰਗਾਂ ਵਿਚ ਦੁਪਹਿਰ ਤਕ ਕੀਰਤਨ ਹੁੰਦਾ ਰਿਹਾ। ਇਸ ਸਮਾਗਮ ਵਿਚਲੀ ਖਾਸ ਵਰਨਣ ਯੋਗ ਇਹ ਗੱਲ ਹੈ ਕਿ ਬੀਬੀ ਮਹਿੰਦਰ ਕੌਰ ਜੀ (ਅਜ ਕਲ੍ਹ ਲੁਧਿਆਣਾ) ਨੇ ਸ਼ਬਦ ਪੜ੍ਹਿਆ–

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ, ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥<br>
**ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥**<br>
ਹਮਰੀ ਬੇਦਨ ਹਰਿ ਪ੍ਰਭੁ ਜਾਨੈ, ਮੇਰੇ ਮਨ ਅੰਤਰ ਕੀ ਪੀਰ ॥੧॥ਰਹਾਉ॥<br>
ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ, ਸੋ ਭਾਈ ਸੋ ਮੇਰਾ ਬੀਰ ॥੨॥<br>
ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ, ਲੇ ਸਤਿਗੁਰ ਕੀ ਮਤਿ ਧੀਰ ॥<br>
ਜਨ ਨਾਨਕ ਕੀ ਹਰਿ ਆਸ ਪੁਜਾਵਹੁ, ਹਰਿ ਦਰਸਨਿ ਸਾਂਤਿ ਸਰੀਰ ॥੪॥੬॥ (੮੬੧-੬੨)

ਬੀਬੀ ਜੀ ਉਪਰ ਉਨ੍ਹਾਂ ਦਿਨਾਂ ਵਿਚ ਦਾਤਾ ਜੀ ਦੀ ਨਾਮ-ਸਿਮਰਨ ਦੀ ਅਪਾਰ ਬਖਸ਼ਸ਼ ਸੀ ਅਤੇ ਬੈਰਾਗ ਦੀ ਐਸਾ ਬਿਵਸਥਾ ਤਾਰੀ ਸੀ ਕਿ ਅੰਗ ਅੰਗ ਵਿਚੋਂ ਬਿਰਹੋਂ-ਕਾਂਗਾਂ ਉਮਡ ਉਮਡ ਉਠਦੀਆਂ ਸਨ। "ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ" ਦੀ ਧੁਨੀ ਦੀਆਂ ਐਸੀਆਂ ਗੂੰਜਾਂ ਪਈਆਂ ਕਿ ਸ਼ਬਦ ਦਾ ਇਕ ਇਕ ਅੱਖਰ ਸੰਗਤ ਦੇ ਹਿਰਦੇ ਅੰਦਰ 'ਤੀਰ' ਵਾਂਗ ਵਜ ਰਿਹਾ ਸੀ। ਜੋ ਗੁਰਮੁਖ ਪਿਆਰੇ ਦੀਵਾਨ ਤੋਂ ਬਾਹਰ ਘੁੰਮ-ਫਿਰ ਰਹੇ ਸਨ, ਸਾਰੇ ਹੀ ਸ਼ਬਦ ਦੀ ਖਿਚ ਵਿਚ ਆ ਇਕੱਠੇ ਹੋਏ। ਭਾਈ ਸਾਹਿਬ ਜੀ ਬੀਬੀ ਦੇ ਪਾਸ ਬੈਠੇ ਹੌਸਲਾ ਦੇ ਰਹੇ ਸਨ, ਪਿਆਰ-ਅਸੀਸਾਂ ਦੇ ਰਹੇ ਸਨ ਅਤੇ ਸ਼ਬਦ-ਕੀਰਤਨ ਦਾ ਅਨੰਦ ਮਾਣ ਰਹੇ ਸਨ। ਇਹੋ ਜਿਹੇ ਸਮੇਂ ਸਤਿਗੁਰੂ ਆਪ ਹੀ ਤਰੁਠ ਕੇ ਬਖ਼ਸ਼ਸ਼ ਕਰਦੇ ਹਨ ਅਤੇ ਇਲਾਹੀ ਬਰਕਤਾਂ ਪ੍ਰਦਾਨ ਕਰਦੇ ਹਨ। ਸਾਰੀ ਸੰਗਤ ਨਿਹਾਲੋ ਨਿਹਾਲ ਹੋ ਗਈ। ਇਸ ਵਕਤ ਨੂੰ, ਇਸ ਸਮਾਗਮ ਨੂੰ ਤੇ ਸ਼ਬਦ ਦੀ ਸੁਣੀ ਇਸ ਧੁਨੀ ਨੂੰ ਭੁਲਣਾ ਮੁਸ਼ਕਲ ਹੈ। ਅਜ ਵੀ ਜਦੋਂ ਕਦੇ ਉਹ ਨਜ਼ਾਰਾ ਅੱਖਾਂ ਸਾਹਮਣੇ ਆ ਜਾਂਦਾ ਹੈ ਤਾਂ ਅੰਦਰਲਾ ਆਪਾ ਸੁਆਦ ਸੁਆਦ ਹੋ ਉਠਦਾ ਹੈ।

ਸੇਖਵਾਂ ਤੋਂ ਚਾਲੇ ਪਾ ਕੇ ਜਥਾ ਸ੍ਰੀ ਮਾਨ ਭਾਈ ਸਾਹਿਬ ਅਤੇ ਸ੍ਰੀ ਬਾਊ ਮਲ ਸਿੰਘ ਜੀ ਸਮੇਤ ਸਿਆਲਕੋਟ ਵਿਖੇ ਗੁਰਮੁਖ ਪਿਆਰੇ ਭਾਈ ਹਰਨਾਮ ਸਿੰਘ ਜੀ ਉਬੇਰਾਇ ਪਾਸ ਪੁਜਾ। ਉਥੇ ਸ੍ਰੀ ਅਖੰਡਪਾਠ ਤੇ ਕੀਰਤਨ ਪਿਛੋਂ ਅੰਮ੍ਰਿਤ-ਸਿੰਚਾਰ ਹੋਇਆ, ਜਿਸ ਵਿਚ ੪੦-੫੦ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਸਿਆਲਕੋਟ ਤੋਂ ਚਲ ਕੇ ਜਥਾ ਜੰਮੂ ਗੁਰਦੁਆਰਾ ਸਾਹਿਬ ਵਿਖੇ ਜਾ ਠਹਿਰਿਆ। ਉਥੇ ਕੀਰਤਨ ਹੋਇਆ ਅਤੇ ਦੂਜੇ ਦਿਨ ਜਥਾ ਬਟੋਤ ਜਾ ਪੁਜਾ। ਉਥੇ ਸ: ਬ: ਮਹਿਤਾਬ ਜੀ ਦਾ ਪਰਵਾਰ ਠਹਿਰਿਆ ਹੋਇਆ ਸੀ। ਉਨ੍ਹਾਂ ਦੀ ਬੇਨਤੀ ਤੇ ਸਾਰਾ ਜਥਾ ਉਨ੍ਹਾਂ ਪਾਸ ਪੁਜਾ। ਕੀਰਤਨ ਦੀ ਹਾਜ਼ਰੀ ਭਰ ਕੇ ਪ੍ਰਸ਼ਾਦ ਛਕਿਆ ਅਤੇ ਜਥੇ ਨੇ ਸ੍ਰੀ ਨਗਰ ਲਈ ਕਮਰਕਸੇ ਕਰ ਲਏ।

ਸ੍ਰੀ ਨਗਰ ਸ: ਦਿਆਲ ਸਿੰਘ ਜੀ ਨੇ ਆਪਣੇ ਘਰ ਵਿਖੇ ਹੀ ਜਥੇ ਦੇ ਠਹਿਰਨ ਦਾ ਪਰਬੰਧ ਕੀਤਾ। ਉਸੇ ਦਿਨ ਤੋਂ ਸਵੇਰੇ ਸ਼ਾਮ ਦੇ ਕੀਰਤਨ ਅਰੰਭ ਹੋਏ। ਕਦੇ ਕਿਤੇ, ਕਦੇ ਕਿਤੇ, ਕਦੇ ਕਿਸੇ ਗੁਰੂ ਪਿਆਰੇ ਦੇ ਗ੍ਰਹਿ ਵਿਖੇ ਅਤੇ ਕਦੇ ਕਿਸੇ ਗੁਰਦੁਆਰਾ ਸਾਹਿਬ ਵਿਖੇ।

ਇਕ ਦਿਨ ਅੰਮ੍ਰਿਤ ਵੇਲੇ ਇਹ ਕੀਰਤਨ ਕਿਸੇ ਗੁਰਮੁਖ ਦੇ ਘਰ ਹੋ ਰਿਹਾ ਸੀ। ਸ੍ਰੀਮਾਨ ਭਾਈ ਸਾਹਿਬ ਜੀ ਹਸਬ ਮਾਮੂਲ ਰੰਗਾਂ-ਤਰੰਗਾਂ ਵਿਚ ਕੀਰਤਨ ਕਰ ਰਹੇ ਸਨ। ਜਦੋਂ ੧੯ਵਾਂ ਛਕਾ ਤੇ ਸਲੋਕ ਅਰੰਭ ਹੋਇਆ ਤਾਂ ਭਾਈ ਸਾਹਿਬ ਜੀ ਡਾਢੇ ਹੀ ਬੈਰਾਗ ਵਿਚ ਆ ਗਏ ਅਤੇ ਵੈਰਾਗ ਦੇ ਹੀ ਸ਼ਬਦ ਪੜ੍ਹਦੇ ਰਹੇ–



www.AKJ.Org

ੳ) ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ (ਪੰਨਾ ੨੩)
ਅ) ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥ (੫੨੩)
ੲ) ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏ ਹਾਂ ॥
ਰੋਵਹ ਬਿਰਹਾ ਤਨ ਕਾ, ਆਪਣਾ ਸਾਹਿਬੁ ਸਮ੍ਾਲੇ ਹਾਂ ॥ (੫੭੯)
ਸ) ਗੋਇਲ ਆਇਆ ਗੋਇਲੀ, ਕਿਆ ਤਿਸੁ ਡੰਫੁ ਪਸਾਰੁ ॥ (੫੦)

ਦੀਵਾਨ ਦੀ ਸਮਾਪਤੀ ਤੇ ਸੰਗਤ ਜਦੋਂ ਘਰਾਂ ਨੂੰ ਚਲ ਪਈ ਤਾ ਭਾਈ ਸਾਹਿਬ ਜੀ ਦੇ ਭਤੀਜੇ ਭਾਈ ਸਜਨ ਸਿੰਘ ਜੀ ਨਾਰੰਗਵਾਲ ਵਾਲੇ ਦਾਸ ਨੂੰ ਕਹਿਣ ਲਗੇ, ਤੁਸੀਂ ਅਜ ਖ਼ਿਆਲ ਕੀਤਾ ਕਿ ਭਾਈ ਸਾਹਿਬ ਪਿਛਲੀ ਸਾਰੀ ਆਸਾ ਦੀ ਵਾਰ ਵਿਚ ਵੈਰਾਗ ਦੇ ਸ਼ਬਦ ਹੀ ਪੜ੍ਹਦੇ ਰਹੇ ਹਨ। ਉਨ੍ਹਾਂ ਪਾਸੋਂ ਪਤਾ ਕਰਨਾ, ਕੀ ਸਬੱਬ ਹੈ ? ਜਦੋਂ ਪ੍ਰਸ਼ਾਦ ਛਕ, ਆਰਾਮ ਕਰ ਕੇ ਆਪ ਜੀ ਉਠੇ ਤਾਂ ਦਾਸ ਨੇ ਬੜੀ ਨਿਮਰਤਾ ਨਾਲ ਬਿਨੈ ਕੀਤੀ ਕਿ ਅੱਜ ਵਾਰ ਵਿਚ ਵੈਰਾਗ-ਮਈ ਕੀਰਤਨ ਦਾ ਕੀ ਸਬੱਬ ਸੀ ? ਕਹਿਣ ਲਗੇ, "ਜੋਗੀ, ਓਹ ਬੀਬੀ ਤੇਜਵੰਤ ਕੌਰ ਜੋ ਘੁੰਗਰਾਣੇ ਸਖਤ ਬੀਮਾਰ ਸੀ ਤੇ ਸੰਗਤ ਦੇ ਦਰਸ਼ਨ ਲਈ ਉਤਾਵਲੀ ਸੀ ਅਤੇ ਜਿਸ ਲਈ ਉਥੇ, ਸਤਿਗੁਰ ਜੀ ਦਾ ਪ੍ਰਕਾਸ਼ ਕਰ ਕ, ਕੀਰਤਨ ਸੁਣਾਉਣ ਤੇ ਕੜਾਹ ਪ੍ਰਸ਼ਾਦ ਦੀ ਦੇਗ ਕਰ ਕੇ ਉਸ ਲਈ ਅਰਦਾਸ ਕਰਨ ਹਿਤ ਤਿੰਨ ਸਿੰਘ ਭੇਜੇ ਸਨ, ਉਹ ਅੱਜ ਚਲਾਣਾ ਕਰ ਗਈ ਹੈ। ਤੇ ਇਹ ਪੰਚ-ਭੂਤਕੀ ਸਰੀਰ ਦਾ ਚੋਲਾ ਛਡ ਕੇ, ਉਸ ਦੀ ਆਤਮਾ ਸਿੱਧੀ ਕੀਰਤਨ ਹੁੰਦਿਆਂ, ਉਥੇ ਸੰਗਤ ਵਿਚ ਆ ਗਈ। ਬਸ ਫਿਰ ਵੈਰਾਗ ਦਸ਼ਾ ਵਿਚ ਉਸ ਨੂੰ ਸੰਬਧਨ ਕਰ ਕੇ ਕੀਰਤਨ ਕਰਦੇ ਰਹੇ। ਸਤਿਗੁਰੂ ਜੀ ਦੀ ਬਖਸ਼ਸ਼ ਹੈ ਕਿ ਉਹ ਬੀਬੀ ਜੀ ਇਨ੍ਹਾਂ ਕੀਰਤਨ-ਮੰਡਲਾ ਵਿਚ ਵਿਚਰਦੇ ਰਹੇ ਹਨ। ਇਸੇ ਯਾਦ ਵਿਚ ਕਮਰਕਸੇ ਕਰ ਗਏ ਤਾਂ ਸੰਗਤ ਦੇ ਦਰਸ਼ਨ ਕਰਨ ਲਈ ਸਿਧੇ ਇਥੇ ਪੁਜ ਗਏ। ਫਿਰ ਉਸ ਬੀਬੀ ਜੀ ਦੇ ਪ੍ਰੇਮ ਤੇ ਗੁਰਮਤੀ ਜੀਵਨ ਬਾਬਤ ਕਿੰਨਾ ਕੁਝ ਦਸਦੇ ਰਹੇ।

ਉਨ੍ਹਾਂ ਦਿਨਾਂ ਵਿਚ ਜਦ ਕਦੇ ਸ਼ਾਮ ਦਾ ਕੋਈ ਕੀਰਤਨ-ਸਮਾਗਮ ਨਹੀਂ ਸੀ ਹੁੰਦਾ ਤਾਂ ਸ੍ਰੀ ਬਾਊ ਜੀ ਦਾਸ ਨੂੰ ਨਾਲ ਲੈ ਕੇ ਮੀਲ ਕੁ ਪੈਂਡਾ ਬਾਹਰ ਖੇਤਾਂ ਵਲ ਨਿਕਲ ਜਾਂਦੇ। ਇਕ ਉਚੀ, ਪਰ ਬੜੀ ਰਮਣੀਕ ਘਾਹ ਵਾਲੀ ਥਾਂ ਤੇ ਬੈਠ ਕੇ ਸਿਮਰਨ ਕਰਦੇ ਅਤੇ ਸੋਦਰ ਦਾ ਪਾਠ ਕਰ ਕੇ ਘਰ ਵਲ ਪਰਤਦੇ। ਉਨ੍ਹਾ ਦਿਨਾਂ ਵਿਚ ਇਕ ਪਿਆਰੇ ਸਰਦਾਰ ਅਤਰ ਸਿੰਘ ਜੀ ਤੇ ਉਨ੍ਹਾਂ ਦੇ ਗੁਰਮੁਖ ਪਰਵਾਰ ਨੇ ਆਪਣੇ ਗ੍ਰਿਹਿ ਵਿਖੇ ਸਾਰੇ ਜਥੇ ਨੂੰ ਲਿਜਾ ਕੇ ਸ੍ਰੀ ਅਖੰਡਪਾਠ ਕਰਵਾਇਆ, ਕੀਰਤਨ ਹੋਏ ਅਤੇ ਜਥੇ ਦੀ ਬੜੀ ਹੀ ਸੇਵਾ ਕੀਤੀ।

ਤਕਰੀਬਨ ਇਕ ਮਹੀਨਾ ਜਥਾ ਸ੍ਰੀ ਨਗਰ ਕਸ਼ਮੀਰ ਵਿਚ ਅਨੰਦ-ਰਸ ਮਾਣਦਾ ਹੋਇਆ ਜੰਮੂ-ਸਿਆਲਕੋਟ ਦੇ ਰਸਤੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਕਰਦਾ, ਵਾਪਸ ਆਪਣੇ ਡੇਰਿਆਂ ਨੂੰ ਪੁਜ ਗਿਆ।

ਆਉਂਦੇ ੧੯੪੧ ਦੇ ਸਾਲ ਸ੍ਰੀਮਾਨ ਭਾਈ ਸਾਹਿਬ ਤੇ ਸ੍ਰੀ ਬਾਊ ਮਲ ਸਿੰਘ ਜੀ ਜਥੇ ਸਮੇਤ ਸ੍ਰੀ ਨਗਰ ਸ: ਦਿਆਲ ਸਿੰਘ ਪਾਸ ਪੁਜ ਗਏ। ਇਕ ਦਿਨ ਉਥੇ ਆਰਾਮ ਕਰ ਕੇ ਜਥੇ ਨੇ ਗੁਲਮਰਗ ਲਾਗੇ ਇਕ ਨਵੇਂ ਅਸਥਾਨ ਲਈ ਚਾਲੇ ਪਾ ਦਿਤੇ। ਇਹ ਥਾਂ ਸ: ਦਿਆਲ ਸਿੰਘ ਜੀ ਨੇ ਖ਼ਰੀਦ ਕੇ ਇਥੇ ਰਿਹਾਇਸ਼ੀ ਬੰਗਲਾ ਬਣਵਾਇਆ ਤੇ ਬਾਗ ਲਵਾਇਆ ਸੀ। ਇਹ ਥਾਂ ਬੜੀ ਖ਼ੂਬਸੂਰਤ, ਰਮਣੀਕ ਤੇ ਨਦੀ ਦੇ ਕੰਢੇ ਉਪਰ ਸੀ। ਇਸ ਅਸਥਾਨ ਤੇ ਕੁਝ ਦਿਨ ਠਹਿਰੇ ਅਤੇ ਕੀਰਤਨ ਦੇ ਖ਼ੂਬ ਅਨੰਦ ਮਾਣੇ।

ਇਸ ਇਲਾਕੇ ਨੂੰ ਬਹੁਤ ਰਮਣੀਕ ਸਮਝ ਕੇ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਤੋਂ ਸਿੰਘ ਲਿਜਾ ਕੇ ਉਥੇ ਵਸਾਏ ਸਨ। ਇਹ ਇਲਾਕਾ ਪੁਣਛ ਦੇ ਲਾਗੇ ਹੀ ਹੈ। ਇਕ ਸ੍ਰੀ ਅਖੰਡਪਾਠ ਹੋਇਆ। ਇਲਾਕੇ ਦੇ ਸਿੰਘ ਬੜੀ ਗਿਣਤੀ ਵਿਚ ਇਸ ਸਮਾਗਮ ਵਿਚ ਪੁਜੇ ਹੋਏ ਸਨ। ਖ਼ੂਬ ਗੁਰੂ ਕਾ ਲੰਗਰ ਚਲਿਆ। ਹਰ



www.AKJ.Org

# ਕਰਾਮਾਤ

[ਵਲੋਂ :—ਸ: ਕੁੰਭੇਰ ਸਿੰਘ ਜੀ, ਫਿਰੋਜ਼ਪੁਰ]

ਕਰਾਮਾਤ ਦਾ ਅਰਥ ਹੈ ਅਲੌਕਿਕ ਤੇ ਹੈਰਾਨੀ ਜਨਕ ਆਤਮਿਕ ਸ਼ਕਤੀ ਦਾ ਚਮਤਕਾਰ, ਜੋ ਇਨਸਾਨੀ ਸਮਝ ਅਤੇ ਤਾਕਤ ਤੋਂ ਬਾਹਰ ਹੋਵੇ। ਇਹ ਅਰਬੀ ਭਾਸ਼ਾ ਦੇ ਮੂਲ ਸ਼ਬਦ "ਕਰਾਮਤ" ਤੋਂ ਬਣਿਆ ਹੈ। ਅਰਬੀ ਭਾਸ਼ਾ ਵਿਚ ਏਸੇ ਭਾਵ ਦਾ ਇਕ ਹੋਰ "ਮੁਆਜਜ਼ਾ" ਸ਼ਬਦ ਵੀ ਹੈ। "ਕਰਾਮਾਤ" ਸ਼ਬਦ ਇਸੇ ਭਾਵ ਨਾਲ ਫ਼ਾਰਸੀ ਅਤੇ ਪੰਜਾਬੀ ਭਾਸ਼ਾ ਵਿਚ ਪਰਯੋਗ ਕੀਤਾ ਜਾਂਦਾ ਹੈ। ਸਿੱਖ ਧਰਮ ਦੀਆਂ ਪੁਸਤਕਾਂ ਵਿਚ ਵੀ ਇਹ ਸ਼ਬਦ ਏਸੇ ਭਾਵ ਨਾਲ ਵਰਤਿਆ ਗਿਆ ਹੈ। ਅੰਗਰੇਜ਼ੀ ਵਿਚ ਇਸ ਭਾਵ ਦਾ ਸ਼ਬਦ ਮਿਰੈਕਲ (Mira·le) ਹੈ।

ਲਗ ਪਗ ਹਰੇਕ ਧਰਮ ਕਰਾਮਾਤੀ ਸ਼ਕਤੀਆਂ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ। ਮੁਸਲਮਾਨ, ਈਸਾਈ, ਯਹੂਦੀ ਆਦਿਕ ਸਾਮੀ ਮੱਤਾਂ ਦੀਆਂ ਧਰਮ-ਪੁਸਤਕਾਂ ਵਿਚ ਇਨ੍ਹਾਂ ਦੇ ਪੈਗੰਬਰਾਂ ਨੂੰ ਰੱਬ ਵਲੋਂ ਖ਼ਾਸ ਖ਼ਾਸ ਕਰਾਮਾਤੀ ਸ਼ਕਤੀਆਂ ਬਖਸ਼ੀਆ ਦਸੀਆਂ ਗਈਆਂ ਹਨ। ਹਰੇਕ ਪੈਗੰਬਰ ਨੂੰ ਆਪਣੀ ਪੈਗੰਬਰੀ ਦੇ ਦਾਅਵੇ ਦੇ ਸਬੂਤ ਵਜੋਂ ਕਰਾਮਾਤਾਂ ਦਿਖਾਣੀਆਂ ਪਈਆਂ, ਤਾਂ ਹੀ ਉਨ੍ਹਾਂ ਦੇ ਪੈਰੋਕਾਰਾਂ ਨੇ ਉਨ੍ਹਾਂ ਤੇ ਈਮਾਨ ਲਿਆਂਦਾ। ਪੀਰਾਂ, ਫ਼ਕੀਰਾਂ, ਨਬੀਆਂ, ਵਲੀਆਂ ਦੀ ਉੱਚ ਆਤਮਿਕ ਅਵੱਸਥਾ ਦੀ ਉੱਚਤਾ ਦਾ ਮਾਪ-ਤੋਲ ਵੀਉਨ੍ਹਾਂ ਵਲੋਂ ਦਿਖਾਈਆਂ ਕਰਾਮਾਤਾਂ ਦੇ ਆਧਾਰ ਤੇ ਹੀ ਕੀਤਾ ਜਾਂਦਾ ਹੈ।

ਹਿੰਦੂ ਮੱਤ ਦੀਆਂ ਧਰਮ-ਪੁਸਤਕਾਂ ਵਿਚ ਵੀ ਅਵਤਾਰਾਂ, ਰਿਸ਼ੀਆਂ, ਮੁਨੀਆਂ ਸਾਧੂਆਂ, ਸਿੱਧਾਂ, ਯੋਗੀਆਂ ਆਦਿਕ ਮਹਾਨ ਆਤਮਿਕ ਵਿਅਕਤੀਆਂ ਦੀਆਂ ਕਰਾਮਾਤਾਂ ਦਾ ਵਰਨਣ ਮਿਲਦਾ ਹੈ। ਹਿੰਦੂ ਮੱਤ ਅਨੁਸਾਰ ਇਨ੍ਹਾਂ ਅਲੌਕਿਕ ਕਰਾਮਾਤੀ ਸ਼ਕਤੀਆਂ ਨੂੰ "ਸਿਧੀਆਂ" ਕਿਹਾ ਜਾਂਦਾ ਹੈ।

ਹਿੰਦੂ ਮੱਤ ਦੇ ਗ੍ਰੰਥਾਂ ਵਿਚ ਦੇਵੀ ਦੇਵਤਿਆਂ ਦਾ ਵੀ ਜ਼ਿਕਰ ਆਇਆ ਹੈ, ਜਿਨ੍ਹਾਂ ਦੀਆਂ ਵਰਣਿਤ ਸ਼ਕਤੀਆਂ ਨੂੰ ਉਨ੍ਹਾਂ ਦੇ ਸ਼ਰਧਾਲੂ ਬੜੀ ਸ਼ਰਧਾ ਅਤੇ ਵਿਸ਼ਵਾਸ ਨਾਲ ਮੰਨਦੇ ਹਨ। ਭਗਤਾਂ ਦਾ ਵੀ ਵਰਨਣ ਕੀਤਾ ਗਿਆ ਹੈ, ਜਿਨ੍ਹਾਂ ਨੇ ਪ੍ਰਭੂ ਦਾ ਆਸਰਾ ਲੈਂਦਿਆਂ ਉਸ ਤੇ ਪੂਰਾ ਵਿਸ਼ਵਾਸ ਕੀਤਾ। ਇਨ੍ਹਾਂ ਭਗਤਾਂ ਦੀ

---

[੧੪ ਸਫ਼ੇ ਦੀ ਬਾਕੀ]

ਰੋਜ਼ ਅੰਮ੍ਰਿਤ ਵੇਲੇ ਦੇ ਇਸ਼ਨਾਨ ਪਿਛੋਂ ਸਿਮਰਨ ਤੇ ਨਿਤਨੇਮ ਹੋਣਾ, ਅਤੇ ਫਿਰ ਕੀਰਤਨ ਦੀਆਂ ਗੂੰਜਾਂ ਪੈਣੀਆਂ। ਫਿਰ ਸ੍ਰੀ ਬਾਊ ਜੀ ਤੇ ਹੋਰ ਗੁਰਮੁਖ ਪਿਆਰਿਆਂ ਨੇ ਨਦੀ ਵਿਚ ਵਖ ਵਖ ਪੱਥਰਾਂ ਤੇ ਜਾ ਬੈਠਣਾ। ਸਿੰਘਾਂ ਨੇ ਵਖ ਵਖ ਚੌੜੇ ਚਪਟੇ ਪੱਥਰ ਨਿਤ ਅਨੰਦ ਮਾਣਨ ਲਈ ਮਲੇ ਹੋਏ ਸਨ। ਇਕ ਪਾਸੇ ਕੁਦਰਤ ਦੀ ਇਕਾਂਤ ਦੇ ਰੰਗ ਬਝੇ ਹੋਣੇ, ਦੂਜੇ ਪਾਸੇ ਪਾਣੀ ਪੱਥਰਾਂ ਨਾਲ ਖਹਿ ਖਹਿ ਵਗਣਾ, ਜਿਸ ਕਰਕੇ ਪਾਣੀ ਵਿਚੋਂ ਡਾਢੀ ਮਿੱਠੀ ਅਵਾਜ਼ ਨਿਕਲ ਕੇ ਅਜੀਬ ਰੰਗ ਬਝੀ ਜਾਣੇ, ਤੀਜੇ ਪਾਸੇ ਸਿੰਘਾਂ ਨੇ ਪੱਥਰਾਂ ਤੇ ਚੌਂਕੜੇ ਸਜਾ ਲੈਣੇ ਅਤੇ ਪਾਣੀ ਦੀ ਮਿੱਠੀ ਲੈਅ ਨਾਲ ਇਕ-ਸੁਰ ਹੋ ਕੇ ਨਾਮ-ਸਿਮਰਨ ਦੀ ਰੁਣਝੁਣ ਲਾ ਦੇਣੀ। ਬਸ ਫਿਰ ਹੋੜਨ ਹਟਕਣ ਵਾਲਾ ਕੌਣ ਸੀ। ਚਲ ਸੋ ਚਲ, ਨਾਮ-ਅਭਿਆਸ ਦੇ ਚਲੂਲੇ ਬਿਸਮਾਦੀ ਰੰਗਾਂ ਵਿਚ ਸਾਰਾ ਸਾਰਾ ਸਮਾਂ ਰੰਗੀਜੀ ਰਹਿਣਾ। ਇਉਂ ਕਸ਼ਮੀਰ ਦੇ ਸੁੰਦਰ ਨਜ਼ਾਰਿਆਂ ਨਾਲ ਪ੍ਰਭਾਵਤ ਹੋ ਕੇ ਸਿੰਘ ਉਥੇ ਖੂਬ ਰੰਗ-ਰਸ ਮਾਣਦੇ ਰਹੇ।

ਕੁਝ ਦਿਨਾਂ ਪਿਛੋਂ ਵਾਪਸ ਸ੍ਰੀ ਨਗਰ ਪੁਜੇ। ਉਥੇ ਵੀ ਕੁਝ ਦਿਨ ਠਹਿਰੇ ਅਤੇ ਫਿਰ ਵਾਪਸ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਕਰ ਕੇ ਆਪੋ ਆਪਣੇ ਟਿਕਾਣਿਆਂ ਨੂੰ ਪੁਜ ਗਏ।



www.AKJ.Org

ਪ੍ਰਭੂ ਨੇ ਸੰਕਟ-ਕਾਲ ਵਿਚ, ਆਪਣੀ ਅਲੌਕਿਕ ਸ਼ਕਤੀ ਦੇ ਚਮਤਕਾਰ ਨਾਲ ਰਖਸ਼ਾ ਕੀਤੀ। ਹਿੰਦੂ ਮੱਤ ਵਾਲੇ ਅਜਿਹੇ ਚਮਤਕਾਰਾਂ ਤੇ ਵੀ ਪੂਰਨ ਯਕੀਨ ਕਰਦੇ ਹਨ।

ਸਿੱਖ ਮੱਤ ਅਨੁਸਾਰ ਗੁਰੂ ਅਤੇ ਵਾਹਿਗੁਰੂ ਅਭੇਦ ਦਸੇ ਹਨ, ਇਸ ਲਈ ਗੁਰੂ ਵੀ ਵਾਹਿਗੁਰੂ ਵਾਂਗ ਸਰਬ-ਕਲਾ ਸਮਰੱਥ ਦਸਿਆ ਹੈ। ਜਿਵੇਂ ਗੁਰ ਫੁਰਮਾਨ ਹੈ :-

ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ॥
ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦ ਹਜੂਰੇ॥

[ਬਿਲਾਵਲੁ ਮ: ੫, ਪੰਨਾ ੮੦੨

ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਰ ਕਾਰਜ ਕਰਨ ਦੇ ਸਮਰੱਥ, ਨਿਤਾਣਿਆਂ ਤੇ ਨਿਆਸਰਿਆਂ ਦੇ ਆਸਰੇ ਦਸਦੇ ਹਨ :—

ਕਾਦਰਿ ਹਰ ਕਾਰੁ ਗੁਰੂ ਗੋਬਿੰਦ ਸਿੰਘ।
ਬੇਕਸਾਂ ਰਾ ਯਾਰ ਗੁਰੁ ਗੋਬਿੰਦ ਸਿੰਘ।

ਗੁਰੂ ਗੋਬਿੰਦ ਸਿੰਘ ਜੀ ਵਾਹਿਗੁਰੂ ਨੂੰ ਪੂਰਨ ਸ਼ਕਤੀ ਵਾਲਾ, ਸਥਿਰ, ਤੇ ਕ੍ਰਿਪਾਲੂ ਦਸਦੇ ਹਨ ਜਿਵੇਂ:-

ਕਮਾਲੇ ਕਰਾਮਾਤ ਕਾਯਮ ਕਰੀਮ॥ [ਜ਼ਫਰਨਾਮਾ

ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ :—

ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥੪॥੧॥੮॥

[ਆਸਾ ਮ ੪, ਪੰਨਾ ੪੪੨

ਇਸ ਲਈ ਜੇ ਵਾਹਿਗੁਰੂ ਕਮਾਲੇ ਕਰਾਮਾਤ ਹੈ ਤਾਂ ਸਿਖ ਧਰਮ ਦੇ ਗੁਰੂ ਸਾਹਿਬਾਨ ਵੀ ਕਮਾਲੇ ਕਰਾਮਾਤ ਹੋਏ ਹਨ। ਕਿਉਂਕਿ ਉਹ ਵਾਹਿਗੁਰੂ ਰੂਪ ਸਨ। ਵਾਹਿਗੁਰੂ ਦੀ ਹੀ ਜੋਤਿ-ਸ਼ਕਤੀ ਗੁਰੂ ਵਿਅਕਤੀਆਂ ਵਿਚ ਵਿਦਮਾਨ ਸੀ। ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦਸੇ ਗੁਰੂ ਵਿਅਕਤੀ ਪਾਰਬ੍ਰਹਮ ਰੂਪ ਹੋਏ ਹਨ। ਕਈ ਜੁਗਾਂ ਦੇ ਬਾਅਦ ਮਨੁੱਖਤਾ ਦੇ ਭਾਗ ਜਾਗੇ ਕਿ ਸਰਬ-ਕਲਾ ਸਮਰੱਥ ਈਸ਼ਵਰੀ ਗੁਰੂ-ਸ਼ਖਸੀਅਤਾਂ ਨੇ ਇਸ ਧਰਤੀ ਤੇ ਚਰਨ ਪਾ ਕੇ ਮਨੁੱਖਤਾ ਦੀ ਕਲਿਆਨ ਹਿੱਤ ਵਾਹਿਗੁਰੂ ਦੇ ਸੱਚੇ ਨਾਮ-ਮਾਰਗ ਦਾ ਪ੍ਰਚਾਰ ਕਰ ਕੇ ਸੱਚੇ ਤੇ ਸਰਬ-ਸ੍ਰੇਸ਼ਟ "ਗੁਰਮਤਿ-ਮਾਰਗ" ਦੀ "ਗੁਰਬਾਣੀ" ਦੇ ਰੂਪ ਵਿਚ ਸਥਾਪਣਾ ਕਰ ਦਿੱਤੀ। ਜਿਥੇ ਹੋਰ ਧਰਮਾਂ ਦੇ ਅਨੁਯਾਈਆਂ ਨੂੰ ਆਪਣੇ ਰਹਿਬਰਾਂ ਦੀਆਂ ਸੀਮਤ ਸ਼ਕਤੀਆਂ ਤੇ ਫ਼ਖ਼ਰ ਹੈ, ਉਥੇ ਸਿੱਖ ਮੱਤ ਦੇ ਅਨੁਯਾਈਆਂ ਨੂੰ ਆਪਣੇ ਗੁਰੂ ਸਾਹਿਬਾਨ ਦੇ ਸਰਬ-ਸ਼ਕਤੀਮਾਨ ਹੋਣ ਤੇ ਗੌਰਵ ਹੈ।

ਇਹਨਾਂ ਪੂਰਨ ਸ਼ਕਤੀਮਾਨ ਚੋਜੀ ਗੁਰੂ ਸਾਹਿਬਾਨ ਦੀਆਂ ਅਲੌਕਿਕ ਸ਼ਕਤੀਆਂ ਦੇ ਚਮਤਕਾਰਾਂ ਦੀਆਂ ਸਾਖੀਆਂ । ਸਿੱਖ ਮੱਤ ਦੇ ਧਰਮ ਗ੍ਰੰਥਾਂ ਵਿਚੋਂ ਮਿਲਦੀਆਂ ਹਨ। ਇਨ੍ਹਾਂ ਨੂੰ ਕੇਵਲ ਸਿੱਖ ਧਰਮ ਦੇ ਸ਼ਰਧਾਲੂ ਹੀ ਨਹੀਂ ਮੰਨਦੇ, ਸਗੋਂ ਦੂਜੇ ਮੱਤਾਂ ਦੇ ਕਈ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਰਹੀਂ ਇਨ੍ਹਾਂ ਅਲੌਕਿਕ ਸਾਖੀਆਂ ਦੀ ਗਵਾਹੀ ਭਰਦਿਆਂ ਗੁਰੂ ਸਾਹਿਬਾਨ ਦੀ ਅਜ਼ਮਤ ਤੇ ਸਰਬ-ਸ਼ਕਤੀਮਾਨਤਾ ਦੇ ਅੱਗੇ ਸਿਰ ਝੁਕਾਇਆ ਹੈ। ਪੰਜਾ ਸਾਹਿਬ ਦੀ ਪਾਵਨ ਧਰਤੀ, ਨਾਨਕ ਮੱਤਾ, ਨਾਨਕ ਝੀਰਾ, ਮਿਠਾ ਰੇਠਾ, ਮੱਕਾ, ਬਗਦਾਦ, ਕਾਬਲ ਆਦਿਕ ਅਸਥਾਨਾਂ ਦੀ ਫ਼ਿਜ਼ਾ ਵਿਚ ਹੁਣ ਤਕ ਗੁਰੂ ਨਾਨਕ ਦੇਵ ਜੀ ਦੀਆਂ ਇਲਾਹੀ ਸ਼ਕਤੀਆਂ ਦੀਆਂ ਗੂੰਜਾਂ ਪੈ ਰਹੀਆਂ ਹਨ। ਇਹੋ ਜਿਹੇ ਅਨੇਕਾਂ ਅਸਥਾਨਾਂ ਵਿਚ ਹੁਣ ਤਕ ਗੁਰੂ ਸਾਹਿਬਾਨ ਦੇ ਰੱਬੀ ਕ੍ਰਿਸ਼ਮਿਆਂ ਦੇ ਅਮਰ ਤੇ ਅਟੱਲ ਨਿਸ਼ਾਨਾਂ ਦੀ ਜ਼ਾਹਰੀ ਕਲਾ ਦੇ ਪਰਤੱਖ ਪਰਮਾਣ ਕਾਇਮ ਹਨ, ਜਿਨ੍ਹਾਂ ਨੂੰ ਤੱਕ ਤੱਕ ਕੇ ਦੇਸ ਵਿਦੇਸ ਦੇ ਲੋਕ ਗੁਰੂ ਘਰ ਦੀ ਅਜ਼ਮਤ ਅੱਗੇ ਸਿਰ ਨਿਵਾਂਦੇ ਹਨ।

ਗੁਰੂ ਘਰ ਦੇ ਨਾਮ ਅਭਿਆਸੀ ਗੁਰਸਿਖਾਂ, ਸੰਤਾਂ, ਮਹਾਂ ਪੁਰਖਾਂ ਨੂੰ ਵੀ ਗੁਰੂ ਕਿਰਪਾ ਨਾਲ ਸਿਧੀਆਂ



www.AKJ.Org

ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਵੇਂ ਗੁਰ ਪਰਮਾਣ ਹੈ :–

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥੧॥੧੯॥

[ਸਲੋਕੁ ਮ: ੩, ਪੰਨਾ ੬੪੯

ਪਰ ਉਹ ਇਹਨਾਂ ਦਾ ਦਿਖਾਵਾ ਨਹੀਂ ਕਰਦੇ। ਕਿਤੇ, ਕਦੇ ਹੀ ਪਰਉਪਕਾਰ ਜਾਂ ਗੁਰੂ ਘਰ ਦੀ ਅਜ਼ਮਤ ਤੇ ਪ੍ਰਚਾਰ ਦੀ ਖ਼ਾਤਰ ਉਹਨਾਂ ਪਾਸੋਂ ਸੁਭਾਵਿਕ ਹੀ ਵਾਹਿਗੁਰੂ ਦੀ ਰਜ਼ਾ ਵਿਚ ਇਹਨਾਂ ਦੀ ਵਰਤੋਂ ਹੋ ਜਾਂਦੀ ਹੈ। ਉਨ੍ਹਾਂ ਦਾ ਮੁੱਖ ਪਰਯੋਜਨ ਰਿਧੀਆਂ ਸਿੱਧੀਆਂ ਦੀ ਪ੍ਰਾਪਤੀ ਨਹੀਂ ਹੁੰਦਾ, ਸਗੋਂ ਉਹ ਤਾਂ ਕੇਵਲ ਗੁਰੂ ਦੇ ਹੁਕਮੀ ਬੰਦੇ ਹੋ ਕੇ ਗੁਰੂ ਅਤੇ ਵਾਹਿਗੁਰੂ ਦੀ ਪ੍ਰਸੰਨਤਾ ਹਾਸਲ ਕਰਨ ਲਈ ਨਾਮ ਦੀ ਘਾਲ-ਕਮਾਈ ਹੀ ਕਰਦੇ ਹਨ।ਅਸਲੀ "ਸਾਰ ਵਸਤੂ" ਉਨ੍ਹਾਂ ਲਈ ਵਾਹਿਗੁਰੂ-ਨਾਮ ਦੀ ਪ੍ਰਾਪਤੀ ਹੀ ਹੈ। ਉਹ "ਨਾਮ" ਨੂੰ ਹੀ ਮਹੱਤਤਾ ਦਿੰਦੇ ਹਨ, ਰਿਧੀਆਂ ਸਿਧੀਆਂ ਦੇ ਚੇਟਕਾਂ-ਚਸਕਿਆਂ ਵਲ ਤਾਂ ਉਨ੍ਹਾਂ ਦੀ ਬਿਰਤੀ ਜਾਂਦੀ ਹੀ ਨਹੀਂ। ਉਹ ਚੰਗੀ ਤਰ੍ਹਾਂ ਸਮਝਦੇ ਹਨ ਕਿ :–

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥੨੦॥

ਵਾਰ ਸੋਰਠਿ, ਮ: ੩, ਪੰਨਾ ੬੫੦

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਅਚਲ ਵਟਾਲੇ ਸ਼ਿਵਰਾਤਰੀ ਦੇ ਮੇਲੇ ਤੇ ਗਏ ਤਾਂ ਬੇਅੰਤ ਲੁਕਾਈ ਉਨ੍ਹਾਂ ਦੇ ਦਰਸ਼ਨ ਕਰਨ ਖ਼ਾਤਰ ਉਧਰ ਉਲਟ ਪਈ। ਜੋਗੀਆਂ ਨੇ ਆਪਣੀ ਮਾਨਤਾ ਘਟਦੀ ਵੇਖ ਕੇ ਬੜੀ ਖੁਣਸ ਖਾਧੀ ਅਤੇ ਗੋਸ਼ਟਿ ਕਰਨ ਲਈ ਧਾ ਕੇ ਆ ਗਏ। ਅੰਤ ਉਨ੍ਹਾਂ ਕਈ ਤਰ੍ਹਾਂ ਦੀਆਂ ਕਰਾਮਾਤਾਂ ਵਿਖਾ ਕੇ ਗੁਰੂ ਪਾਤਸ਼ਾਹ ਨੂੰ ਭਰਮਾਉਣਾ ਚਾਹਿਆ, ਪਰ ਉਹ ਅਹਿਲ ਤੇ ਸ਼ਾਂਤ ਟਿਕੇ ਰਹੇ। ਅਖੀਰ ਜੋਗੀ ਆਖਦੇ ਨੇ–

ਸਿਧਿ ਬੋਲਨਿ ਸੁਣਿ ਨਾਨਕਾ! ਤੁਹਿ ਜਗ ਨੋ ਕਿਆ ਕਰਾਮਾਤਿ ਦਿਖਲਾਈ ॥
ਕੁਝ ਵਿਖਾਲੇਂ ਅਸਾਂ ਨੋ ਤੁਹਿ ਕਿਉ ਢਿਲ ਅਵੇਹੀ ਲਾਈ ॥੪੨॥੧॥

ਇਸ ਦਾ ਉਤਰ ਭਾਈ ਗੁਰਦਾਸ ਜੀ ਵਾਰਾਂ ਵਿਚ ਲਿਖਦੇ ਹਨ–

ਬਾਬਾ ਬੋਲੇ, ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ ॥
ਬਾਝੋਂ ਸਚੇ ਨਾਮ ਦੇ ਹੋਰ ਕਰਾਮਾਤਿ ਅਸਾਂ ਤੇ ਨਾਹੀ ॥......
ਸਤਿਨਾਮ ਬਿਨੁ ਬਾਦਰਿ ਛਾਹੀ ॥੪੩॥

ਸਤਿਗੁਰਾਂ ਨੇ ਦਸਿਆ ਕਿ ਵਾਹਿਗੁਰੂ ਦੇ ਸੱਚੇ ਨਾਮ ਤੋਂ ਬਿਨਾਂ ਇਹ ਕਰਾਮਾਤਾਂ ਬਦਲਾਂ ਦੀ ਛਾਂ ਵਾਂਗ ਨਿਰਾ ਭਰਮ-ਭੁਲੇਖਾ ਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਬਿਲਕੁਲ ਸਪੱਸ਼ਟ ਕਰਦੇ ਹਨ ਕਿ ਇਨ੍ਹਾਂ ਰਿਧੀਆਂ ਸਿਧੀਆਂ ਦੇ ਚਮਤਕਾਰਿਆਂ ਵਿਚ ਉਲਝ ਕੇ ਵਾਹਿਗੁਰੂ ਦੇ ਨਾਮ ਤੋਂ ਭੁਲ ਜਾਈਦਾ ਹੈ। ਗੁਰਵਾਕ–

ਸਿਧੁ ਹੋਵਾ ਸਿਧਿ ਲਾਈ, ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ, ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੩॥

[ਸਿਰੀ ਰਾਗੁ ਮ: ੧, ਪੰਨਾ ੧੪

ਇਸੇ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦੀ ਤੋਂ ਪਹਿਲਾਂ ਕਰਾਮਾਤ ਦਿਖਾਉਣ ਲਈ ਆਖਿਆ ਗਿਆ ਤਾਂ ਆਪ ਨੇ ਉਤਰ ਦਿਤਾ ਕਿ ਇਹ ਕਰਾਮਾਤਾਂ ਵਿਖਾਉਣੀਆਂ ਤਾਂ ਨਾਟਕ ਚੇਟਕ ਹਨ ਅਤੇ



www.AKJ.Org

ਪ੍ਰਭੂ ਦੇ ਭਗਤ ਅਜਿਹਾ ਕਰਨ ਤੋਂ ਸੰਕੋਚ ਕਰਦੇ ਹਨ। ਫੁਰਮਾਨ ਹੈ–

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

—ਬਚਿਤ੍ਰ ਨਾਟਕ, ਅਧਿ: ੫

ਗੁਰੂ ਸਾਹਿਬਾਨ ਨੇ ਆਪਣੀ ਤਾਕਤ ਦਸਣ ਲਈ ਜਾਂ ਦੂਜਿਆਂ ਤੇ ਆਪਣਾ ਪ੍ਰਭਾਵ ਪਾਉਣ ਲਈ ਇਨ੍ਹਾਂ ਕਰਾਮਾਤੀ ਸ਼ਕਤੀਆਂ ਦੀ ਵਰਤੋਂ ਬਿਲਕੁਲ ਨਹੀਂ ਸੀ ਕੀਤੀ, ਸਗੋਂ ਈਸ਼ਵਰੀ ਧਰਮ ਨਿਭਾਉਂਦਿਆਂ, ਗੁਰਮਤਿ ਪਰਚਾਰ ਅਤੇ ਪਰਉਪਕਾਰ ਦੀ ਖ਼ਾਤਰ ਪ੍ਰਭੂ-ਰਜ਼ਾ ਵਿਚ ਹੀ ਸਹਿਜ-ਸੁਭਾਇ ਇਨ੍ਹਾਂ ਸ਼ਕਤੀਆਂ ਦਾ ਉਨ੍ਹਾਂ ਤੋਂ ਪ੍ਰਯੋਗ ਹੋ ਗਿਆ। ਜਾਂ ਇਉਂ ਕਹਿ ਲਵੋ ਕਿ ਗੁਰੂ ਦੇਹਾਂ ਵਿਚ ਵਾਹਿਗੁਰੂ ਆਪ ਹੀ ਵਰਤ ਕੇ ਇਹ ਅਲੌਕਿਕ ਚਮਤਕਾਰ ਉਹਨਾਂ ਕੋਲੋਂ ਕਰਵਾ ਦਿੰਦਾ ਸੀ। ਕਿਉਂਕਿ–

ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥੬॥

[ਵਾਰ ਆਸਾ ਮ: ੧, ਪੰਨਾ ੪੬੬

ਕਈ ਵੇਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਵਾਹਿਗੁਰੂ ਆਪ ਹੀ ਆਪਣਿਆਂ ਭਗਤਾਂ, ਸਿਖਾਂ, ਸੇਵਕਾਂ ਦੀ ਪੈਜ ਰਖਣ ਵਾਸਤੇ ਕੋਈ ਅਲੌਕਿਕ ਅਸਚਰਜਤਾ-ਜਨਕ ਚਮਤਕਾਰ ਵਰਤਾ ਦੇਂਦਾ ਹੈ, ਜਦ ਕਿ ਭਗਤਾਂ, ਸਿਖਾਂ ਸੇਵਕਾਂ ਨੂੰ ਇਸ ਗੱਲ ਦਾ ਕੋਈ ਚਿਤ-ਚੇਤਾ ਵੀ ਨਹੀਂ ਹੁੰਦਾ। ਵਾਹਿਗੁਰੂ ਆਪ ਹੀ ਆਪਣੇ ਬਿਰਦ ਦੀ ਪਾਲਣਾ ਕਰਦਾ ਹੈ। ਉਹ ਆਪਣਿਆਂ ਭਗਤਾਂ, ਸੇਵਕਾਂ ਵਾਸਤੇ ਕੀ ਕੁਝ ਨਹੀਂ ਕਰ ਸਕਦਾ ? ਦੇਖੋ ਗੁਰ ਪਰਮਾਣ—

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ, ਧੁਰਿ ਤੂ ਰਖਦਾ ਆਇਆ ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ, ਹਰਣਾਖਸੁ ਮਾਰਿ ਪਚਾਇਆ ॥

[ਸੋਰਠਿ ਮ: ੩, ਪੰਨਾ ੬੩੭

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥
ਗੁਰ ਪਰਸਾਦਿ ਸਦਾ ਮਨਿ ਵਸਿਆ ਸਭਿ ਕਾਜ ਸਵਾਰਣਹਾਰਾ ॥

[ਸੋਰਠਿ ਮ: ੩, ਪੰਨਾ ੬੩੭

ਗੁਰਮਤਿ ਦੇ ਮਹਾਨ ਵਿਆਖਿਆਕਾਰ, ਗੁਰੂ ਸਾਹਿਬ ਜੀ ਦੇ ਹਜ਼ੂਰੀ ਲਿਖਾਰੀ ਭਾਈ ਗੁਰਦਾਸ ਜੀ ਵੀ ਭਗਤ ਪ੍ਰਹਿਲਾਦ ਦੀ ਸਾਖੀ ਲਿਖਦਿਆਂ ਵਰਨਣ ਕਰਦੇ ਹਨ ਕਿ:–

ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ ॥੨॥(੧੦)

ਭਾਵ ਇਹ ਕਿ ਪ੍ਰਹਿਲਾਦ ਨੂੰ ਜਲ ਵਿਚ ਡੋਬਣ ਲਈ ਅਤੇ ਅੱਗ ਵਿਚ ਸਾੜਨ ਲਈ ਸੁਟਿਆ, ਪਰ ਉਹ ਗੁਰੂ ਦੀ ਕਿਰਪਾ ਨਾਲ ਨਾ ਸੜਿਆ ਤੇ ਨਾ ਹੀ ਡੁੱਬ ਸਕਿਆ।

ਭਗਤ ਕਬੀਰ ਜੀ ਨੂੰ ਵੀ ਜ਼ੰਜੀਰ ਨਾਲ ਬੰਨ੍ਹ ਕੇ ਗੰਗਾ ਵਿਚ ਸੁੱਟ ਦਿੱਤਾ ਗਿਆ ਸੀ, ਪਰ ਵਾਹਿਗੁਰੂ ਦੀ ਕਿਰਪਾ ਨਾਲ ਜ਼ੰਜੀਰ ਟੁੱਟ ਗਈ ਤੇ ਆਪ ਮ੍ਰਿਗਛਾਲਾ ਤੇ ਬੈਠੇ ਦੇਖੇ ਗਏ। ਭਗਤ ਕਬੀਰ ਸਾਹਿਬ ਜੀ ਆਪ ਹੀ ਆਪਣੀ ਹੱਡ-ਬੀਤੀ ਦਸਦੇ ਹਨ :—

ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥
ਕਹਿ ਕੰਬੀਰ ਕੋਊ ਸੰਗ ਨ ਸਾਥ ॥ ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੮॥

[ਭੈਰਉ ਕਬੀਰ ਜੀਉ, ਪੰਨਾ ੧੧੬੨

ਇਸੇ ਤਰ੍ਹਾਂ ਕਈ ਅਲੌਕਿਕ ਚਮਤਕਾਰਾਂ ਦਾ ਵਰਨਣ ਸਿੱਖ ਧਰਮ ਦੇ ਗ੍ਰੰਥਾਂ, ਭਾਈ ਗੁਰਦਾਸ ਜੀ ਦੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਵਿਚ ਵੀ ਮਿਲਦਾ ਹੈ।

ਏਨੇ ਪਰਮਾਣ ਹੁੰਦਿਆਂ ਫੇਰ ਵੀ ਕਈ ਸਿਖ ਵਿਦਵਾਨ ਪਹਿਲਾਂ ਤਾਂ ਕਰਾਮਾਤੀ ਚਮਤਕਾਰਾਂ ਨੂੰ


www.AKJ.Org

ਮੰਨਦੇ ਹੀ ਨਹੀਂ, ਤੇ ਜੇ ਉਹ ਮੰਨਦੇ ਵੀ ਹਨ ਤਾਂ ਉਹ ਸਿੱਖ ਧਰਮ-ਪੁਸਤਕਾਂ ਵਿਚ ਲਿਖੀਆਂ ਕਰਾਮਾਤੀ ਚਮਤਕਾਰਾਂ ਵਾਲੀਆਂ ਸਾਖੀਆਂ ਨੂੰ ਨਹੀਂ ਮੰਨਦੇ। ਉਹ ਜਾਂ ਤਾਂ ਇਨ੍ਹਾਂ ਸਾਖੀਆਂ ਨੂੰ ਉੱਕਾ ਮਨ-ਘੜਤ ਕਹਿ ਦੇਂਦੇ ਨੇ ਤੇ ਜਾਂ ਫਿਰ ਇਨ੍ਹਾਂ ਸਾਖੀਆਂ ਦੇ ਮਨੋ-ਕਲਪਤ ਭਾਵ ਕੱਢਣ ਦਾ ਯਤਨ ਕਰਦੇ ਹਨ। ਇਨ੍ਹਾਂ ਦੀ ਇਹ ਖੁਸ਼-ਫ਼ਹਿਮੀ ਹੈ ਕਿ ਇਸ ਤਰ੍ਹਾਂ ਕਰਕੇ ਸਿਖ ਧਰਮ ਅੱਜ ਦੇ ਵਿਗਿਆਨਕ ਯੁੱਗ ਵਿਚ ਵਧੇਰੇ ਮਕਬੂਲ ਹੋ ਸਕਦਾ ਹੈ। ਪਰ ਇਨ੍ਹਾਂ ਵਿਚਾਰਵਾਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਾਇੰਸ ਦੀ ਖੋਜ ਅਧੂਰੀ ਹੈ, ਜਿਸ ਨੂੰ ਸਾਇੰਸ ਵਾਲੇ ਵੀ ਮੰਨਦੇ ਹਨ। ਪਰ ਗੁਰੂ ਜੀ ਦੀ ਖੋਜ ਪੂਰੀ ਹੈ। ਗੁਰਬਾਣੀ ਵਿਚ ਕਈ ਅਜਿਹੀਆਂ ਸਚਾਈਆਂ ਅੰਕਿਤ ਹਨ, ਜਿਨ੍ਹਾਂ ਨੂੰ ਵਿਗਿਆਨਕ ਪਹਿਲੋਂ ਨਹੀਂ ਮੰਨਦੇ ਸਨ, ਪਰ ਹੁਣ ਵਧੇਰੇ ਖੋਜ ਕਰਨ ਪਿਛੋਂ ਉਹ ਇਨ੍ਹਾਂ ਸਚਾਈਆਂ ਨੂੰ ਮੰਨਣ ਲੱਗ ਪਏ ਹਨ। ਜਿਵੇਂ—

ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ ॥ (ਸੁਖਮਨੀ ਸਾਹਿਬ)

ਸਾਇੰਸ ਦੀ ਖੋਜ ਪਦਾਰਥਕ ਹੈ, ਜਦ ਕਿ ਗੁਰਮਤਿ ਦੀ "ਪੂਰੀ ਖੋਜ" ਪਦਾਰਥਕ ਅਤੇ ਆਤਮਕ ਹੈ। ਇਸ ਲਈ ਗੁਰਬਾਣੀ ਦੀ ਪਰਖ-ਕਸਵਟੀ ਸਾਇੰਸ ਨਹੀਂ, ਸਗੋਂ ਸਾਇੰਸ ਦੀ ਪਰਖ-ਕਸਵਟੀ "ਗੁਰਮਤਿ" ਹੈ। ਕਈ ਕਹਿੰਦੇ ਨੇ, ਗੁਰੂ ਸਾਹਿਬ ਜੀ ਨੇ ਕਰਾਮਾਤ ਨਹੀਂ ਦਿਖਾਈ, ਉਹ ਭਾਈ ਗੁਰਦਾਸ ਜੀ ਦੀਆਂ ਇਨ੍ਹਾਂ ਤੁਕਾਂ ਤੇ ਵਿਚਾਰ ਕਰ ਕੇ ਮਨ ਬਨਾਉਣ—

(੧) ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ ॥੩੨॥

(੨) ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ ॥੩੬॥ (ਵਾਰ ੧)

ਇਸ ਲਈ ਗੁਰੂ ਸਾਹਿਬਾਨ ਦੀਆਂ ਅਲੌਕਿਕ ਚਮਤਕਾਰਾਂ ਵਾਲੀਆਂ ਸਾਖੀਆਂ ਨੂੰ ਮੰਨਣਾ ਹੀ ਉਚਿੱਤ ਹੈ।

## ਚਿਠੀਆਂ ਦੇ ਉਤਰ

ਦਾਸ ਪਾਸ ਦੂਰੋਂ ਨੇੜਿਓਂ ਬਹੁਤ ਸੱਜਣਾਂ ਵਲੋਂ ਅਨਿਕ ਪਰਕਾਰੀ ਚਿਠੀਆਂ ਆਉਂਦੀਆਂ ਹਨ। ਸਮੇਂ ਅਤੇ ਫ਼ੁਰਸਤ ਦੇ ਮੁਤਾਬਿਕ ਕਈਆਂ ਪਾਤੀਆਂ ਦੇ ਉੱਤਰ ਦਾਸ ਭੇਜ ਦੇਂਦਾ ਹੈ, ਪਰ ਬਹੁਤ ਸਾਰੀਆਂ ਦੇ ਉਤਰ ਦੇਣੇ ਰਹਿ ਜਾਂਦੇ ਹਨ। ਇਸ ਲਈ 'ਸੂਰਾ' ਪਰਚਾ ਰਾਹੀਂ ਦਾਸ ਉਨ੍ਹਾਂ ਗੁਰਮੁਖਾਂ ਪਾਸੋਂ ਖਿਮਾ ਦਾ ਜਾਚਕ ਹੈ ਜਿਨ੍ਹਾਂ ਦੀਆਂ ਚਿੱਠੀਆਂ ਦੇ ਉੱਤਰ ਦਾਸ ਵਲੋਂ ਨਹੀਂ ਦਿੱਤੇ ਜਾਂਦੇ। ਸਾਰੀਆਂ ਚਿੱਠੀਆਂ ਦੇ ਉੱਤਰ ਦੇਣੇ ਭੀ ਦਾਸ ਲਈ ਅਸੰਭਵ ਹਨ।

—ਦਾਸਰਾ ਰਾਮ ਸਿੰਘ (ਜਥੇਦਾਰ), ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸਰ


## 'ਜੇਲ੍ਹ ਚਿੱਠੀਆਂ' ਤੇ 'ਗੁਰਮਤਿ ਨਾਮ ਅਭਿਆਸ ਕਮਾਈ'

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਜੇਲ੍ਹ ਚਿਠੀਆਂ | ੧੫-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਅੰਮ੍ਰਿਤ ਕੀ ਹੈ ? | ੧-੦੦ |
| ਗੁਰਮਤਿ ਕਰਮ ਫ਼ਿਲਾਸਫ਼ੀ | ੧੩-੫੦ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ | ਗੁਰਮਤਿ ਵਿਚਾਰ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ | ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਰਮਜ਼ਾਂ | ੧-੩੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਅੰਮ੍ਰਿਤ ਕਲਾ | ੦-੪੦ | ਪ੍ਰਗਟੀ ਜੋਤਿ ਮਿਲੈ ਰਾਮ ਪਿਆਰੇ | ੦-੪੦ |
| ਉਮਰ ਕੈਦੀ ਦਾ ਸੁਪਨਾ | ੦-੪੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਸਬਦੁ ਗੁਰ ਪੀਰਾ | ੦-੪੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੦-੪੦ | ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧-੦੦ |
| ਵੈਸਾਖੀ ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | ਤਉ ਕਿਉ ਮੁਰਗੀ ਮਾਰੈ [ਤਲਵਾੜਾ ਜੀ] | ੦-੫੦ |

HAIR--A DIVINE GIFT 0.40



www.AKJ.Org

# ਸੁਖਮਨੀ ਸਾਹਿਬ

ਵਲੋਂ :—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ)

ਮਣੀ ਸੁਖਾਂ ਦੀ ਜੱਗ ਵਿਚ 'ਸੁਖਮਨੀ' ਏ, ਸੁਰਤਾਂ ਸੁੱਤੀਆਂ ਤਾਈਂ ਜਗਾਣ ਵਾਲੀ।
ਪਾਂਧੀ ਰੱਬ ਰਾਹ ਵਾਲੇ ਜਗਿਆਸੂਆਂ ਦੀ, ਬਿਰਤੀ ਰੱਬ ਦੇ ਨਾਲ ਮਿਲਾਣ ਵਾਲੀ।
ਕੱਚੇ ਰੰਗ ਦੁਨੀਆਵੀ ਉਤਾਰ ਕੇ ਤੇ, ਨਾਮ-ਰੰਗ ਦੀ ਰੰਗਣ ਚੜ੍ਹਾਣ ਵਾਲੀ।
ਕਰਦੀ ਪੱਕਿਆਂ ਪੈਰਾਂ ਤੇ ਸਿਦਕੀਆਂ ਨੂੰ, ਕੰਧਾਂ ਵਹਿਮਾਂ ਤੇ ਭਰਮਾਂ ਦੀਆਂ ਢਾਣ ਵਾਲੀ।
ਮੈਲ ਲਗੀ ਹੋਈ ਜਨਸ-ਜਨਮਾਂਤਰਾਂ ਦੀ, ਵਾਂਗ ਸਾਬਣ ਦੇ ਉਸ ਨੂੰ ਉਤਾਰ ਦੇਵੇ।
ਹਿਰਦੇ ਤਪਦਿਆਂ ਨੂੰ 'ਮਿੱਤਰ' ਕਰੇ ਸੀਤਲ, ਬਾਵਨ ਚੰਦਨ ਬਣ ਕੇ ਸੀਨੇ ਠਾਰ ਦੇਵੇ।

ਆਈ ਜਗ ਵਿਚ ਆਬੇ-ਹਯਾਤ ਬਣ ਕੇ, ਕੁੰਡ ਅੰਮ੍ਰਿਤ ਦਾ ਇਹ ਗੰਗਧਾਰ ਲੋਕੋ।
ਬ੍ਰਹਮ ਰੂਪ ਗੁਰੂ ਅਰਜਨ ਦੇ ਮੁੱਖ ਵਿਚੋਂ, ਨਿਕਲੀ ਸਰਸ੍ਵਤੀ ਦਾ ਰੂਪ ਧਾਰ ਲੋਕੋ।
ਇਸ ਤ੍ਰਿਬੈਣੀ ਵਿਚ ਕਰੇ ਇਸ਼ਨਾਨ ਜਿਹੜਾ, ਉਹਨੂੰ ਦੇਂਦੀ ਏ ਪਾਰ-ਉਤਾਰ ਲੋਕੋ।
ਬੇੜੇ ਚਾੜ੍ਹ ਕੇ ਪੂਰ ਜਗਿਆਸੂਆਂ ਦੇ, ਕੀਤੇ ਏਸ ਨੇ ਲਖ ਹੀ ਪਾਰ ਲੋਕੋ।
ਧਰਮ ਅਰਥ ਅੱਤੇ ਕਾਮ ਮੋਖ ਚਾਰੇ, ਏਸ ਜੱਗ ਅੰਦਰ ਪਾਣੀਹਾਰ ਇਸ ਦੇ।
ਬ੍ਰਹਮਾ, ਵਿਸ਼ਨੂੰ, ਸ਼ਿਵ, ਸ਼ੇਸ਼, ਗਣੇਸ਼ ਸਾਰੇ ਗਾਇਨ ਕਰਦੇ ਨੇ ਗੁਣ ਉਚਾਰ ਇਸ ਦੇ।

ਮਿਲੇ ਆਤਮਾ ਨਾਲ ਪਰਮਾਤਮਾ ਦੇ, ਅੱਖਰ ਇਹਦੇ ਜਦ ਆਉਣ ਜ਼ਬਾਨ ਉੱਤੇ।
ਰੰਗਿਆ ਜਾਏ ਮਨ ਸਿਫਤ ਦੇ ਰੰਗ ਅੰਦਰ, ਜੀਵਨ ਮਾਣੇ ਜਗਿਆਸੂ ਜਹਾਨ ਉੱਤੇ।
ਚੜ੍ਹੇ ਰੰਗ ਵਿਸਮਾਦੀ ਨਾ ਜਾਏ ਕਥਿਆ, ਖੀਵੀ ਸੁਰਤ ਹੋ ਚੜ੍ਹੇ ਅਸਮਾਨ ਉੱਤੇ।
ਅੱਖਰ ਅੱਖਰ ਗੁਰੂ ਅਰਜਨ ਦਾ ਰੂਪ ਦਿੱਸੇ, ਅਸਰ ਕਿਵੇਂ ਨ ਹੋਵੇ ਇਨਸਾਨ ਉੱਤੇ।
ਮਿਲੇ ਜਿਥੋਂ ਮਕਰੰਦ-ਰਸ ਭੰਵਰਿਆਂ ਨੂੰ, ਜੀਵਨ ਮਿਲਦਾ ਏ ਜਿਥੋਂ ਪਤੰਗਿਆਂ ਨੂੰ।
ਇਹ ਤੇ ਭਰਿਆ ਭੰਡਾਰ ਕੁਬੇਰ ਦਾ ਏ, ਦਾਤਾਂ ਮਿਲਣ ਜਿਥੋਂ ਭੁੱਖਿਆਂ ਨੰਗਿਆਂ ਨੂੰ।

ਜਾ ਕੇ ਪੁੱਛ ਲੋ ਉਨ੍ਹਾਂ ਜਗਿਆਸੂਆਂ ਨੂੰ, ਇਹਦੇ ਨਾਲ ਜਿਨ੍ਹਾਂ ਸਾਂਝ ਪਾਈ ਹੋਈ ਏ।
ਪੀਂਦੇ ਅਮਿਉ-ਰਸ ਉਠ ਪਰਭਾਤ ਵੇਲੇ ਜਿਨ੍ਹਾਂ ਸੁਰਤ ਇਸ ਰਾਹ ਤੇ ਲਾਈ ਹੋਈ ਏ।
ਸਿਦਕੀ ਜਾਣਦੇ ਨੇ ਇਹ ਤਾਂ ਜਗ ਉੱਤੇ, ਦਾਤਾਂ ਦੇਣਹਾਰੀ ਧੁਰੋਂ ਆਈ ਹੋਈ ਏ।
ਖੁਲ੍ਹੇ ਰੱਬੀ ਖ਼ਜ਼ਾਨੇ ਹਨ ਉਨ੍ਹਾਂ ਦੇ ਲਈ, ਜਿਨ੍ਹਾਂ 'ਸੁਖਮਨੀ' ਹਿਰਦੇ ਵਸਾਈ ਹੋਈ ਏ।
ਦੇਵੇ ਦੁੱਧ ਤੇ ਪੁੱਤ ਧਨ ਲਕਸ਼ਮੀ ਇਹ, ਚਾਬੀ ਬਰਕਤਾਂ ਭਰੇ ਭੰਡਾਰ ਦੀ ਏ।
ਛੋੜ ਕਟ ਕੇ ਕਾਲ ਚੁਰਾਸੀਆਂ ਦੇ, 'ਮਿੱਤਰ' ਜਨਮ ਤੇ ਮਰਨ ਸੰਵਾਰਦੀ ਏ।

ਅੱਖਰ ਅੱਖਰ ਹੈ ਰੰਗਲਾ ਜਾਮ ਇਹਦਾ, ਮਸਤੀ ਏਸ ਵਿਚ ਲੱਖਾਂ ਮੈਖ਼ਾਨਿਆਂ ਦੀ।
ਸਦਾ ਇਸ ਦੇ ਪਿਆਕ ਮਖ਼ਮੂਰ ਦਿੱਸਣ, ਹਾਲਤ ਦਸਾਂ ਕੀ ਇਹਦੇ ਦੀਵਾਨਿਆਂ ਦੀ।
ਚੜ੍ਹ ਕੇ ਚਰਖੀਆਂ ਤੇ ਇਹਦਾ ਵਿਰਦ ਕਰਦੇ, ਕਰਾਂ ਸਿਫ਼ਤ ਕੀ ਇਹਦੇ ਮਸਤਾਨਿਆਂ ਦੀ।
ਮਣਕਾ ਉਨ੍ਹਾਂ ਦੇ ਹੱਥ ਯਕੀਨ ਵਾਲਾ, ਮਾਲਾ ਫੇਰਦੇ ਓਹ ਸ਼ੁਕਰਾਨਿਆਂ ਦੀ।
ਭਾਵੇਂ ਆਰਿਆਂ ਨਾਲ ਦੋ-ਫਾੜ ਹੁੰਦੇ, ਸੀਸ ਰੰਬੀਆਂ ਨਾਲ ਉਤਰਵਾ ਲੈਂਦੇ।
ਪੜ੍ਹਦੇ ਸੁਖਮਨੀ 'ਮਿੱਤਰ' ਅਗਾਂਹ ਵਧਦੇ, ਸਿੱਧੇ ਓਹ ਸਚਖੰਡ ਦਾ ਰਾਹ ਲੈਂਦੇ।



www.AKJ.Org

# ਸਲੋਕ ਸਹਸਕ੍ਰਿਤੀ (੬)

[ਅਰਥ ਵਿਆਖਿਆ ਵਲੋਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

**ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ**
**ਧ੍ਰਿਗੰਤ ਜਨਮ ਭ੍ਰਸਟਣਹ ॥**
**ਕੂਕਰਹ ਸੂਕਰਹ ਗਰਧਭਹ**
**ਕਾਕਹ ਸਰਪਨਹ ਤੁਲਿ ਖਲਹ ॥੩੩॥**

**ਪਦ ਅਰਥ** :–ਹੀਣਸ੍ਯ–ਖ਼ਾਲੀ, ਸਖਣਾ, ਵਿਰਵਾ । ਧ੍ਰਿਗੰਤ—ਧਿਰਕਾਰ ਜੋਗ, ਫਿਟਕਾਰ ਜੋਗ । ਭ੍ਰਸਟਣਹ–ਭ੍ਰਿਸ਼ਟਿਆ ਹੋਇਆ । ਕੂਕਰਹ–ਕੁੱਤੇ । ਸੂਕਰਹ–ਸੂਰ । ਗਰਧਭਹ–ਖੋਤੇ । ਕਾਕਹ—ਕਾਂ, ਸਰਪਨਹ–ਸੱਪ । ਤੁਲਿ–ਸਮਾਨ, ਵਰਗਾ, ਬਰਾਬਰ । ਖਲਹ–ਮੂਰਖ ।੩੩।

**ਅਰਥ** :–ਜਿਹੜਾ ਪ੍ਰਾਣੀ ਗੁਰੂ ਦੇ ਮੰਤ੍ਰ (ਗੁਰ-ਦੀਖਿਆ) ਤੋਂ ਵਿਰਵਾ ਹੈ ਉਸ ਦਾ ਭ੍ਰਿਸ਼ਟਿਆ ਹੋਇਆ (ਮਲੀਨ ਮੱਤ ਵਾਲਾ) ਜਨਮ ਫਿਟਕਾਰ-ਜੋਗ ਹੈ । ਅਜਿਹਾ ਭ੍ਰਿਸ਼ਟਿਆ ਬੰਦਾ ਮੂਰਖ ਹੈ । ਉਹ ਕੁੱਤੇ, ਸੂਰ, ਖੋਤੇ, ਕਾਂ ਅਤੇ ਸੱਪ ਆਦਿਕ ਘਿਰਣਤ ਜੂਨਾਂ ਵਰਗਾ ਹੈ, (ਭਾਵ ਉਸ ਦੀ ਜੂਨ ਹੀ ਮਨੁਖ ਦੀ ਹੈ, ਖ਼ਸਲਤਾਂ ਪਸ਼ੂਆਂ ਵਾਲੀਆਂ ਹਨ) ।੩੩।

**ਸਾਰੰਸ**–ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥
[ਆਸਾ ਮ: ੩ ਪਟੀ, ਪੰਨਾ ੪੩੫

**ਅਥਵਾ**–ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ॥
ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥੩॥੪॥
[ਸੋਰਠਿ ਮ: ੩, ਪੰਨਾ ੬੦੧

**ਚਰਣਾਰਬਿੰਦ ਭਜਨੰ**
**ਰਿਦਯੰ ਨਾਮ ਧਾਰਣਹ ॥**
**ਕੀਰਤਨੰ ਸਾਧ ਸੰਗੇਣ**
**ਨਾਨਕ ਨਹ ਦ੍ਰਿਸਟੰਤਿ ਜਮ ਦੂਤਨਹ ॥੩੪॥**

**ਪਦ ਅਰਥ**:–ਚਰਣਾਰਬਿੰਦ–ਚਰਨ ਕਮਲ । ਰਿਦਯੰ–ਹਿਰਦੇ ਵਿਚ । ਸਾਧ ਸੰਗੇਣ–ਸਾਧ ਸੰਗਤ ਵਿਚ । ਨਹ ਦ੍ਰਿਸਟੰਤਿ–ਨਹੀਂ ਵੇਖਦਾ । ਜਮ ਦੂਤਨਹ–ਜਮ-ਰਾਜੇ ਦੇ ਦੂਤ ।੩੪।

**ਅਰਥ**:–ਜਿਹੜਾ ਪ੍ਰਾਣੀ ਪ੍ਰਭੂ ਦੇ ਚਰਨ ਕਮਲਾਂ ਦਾ ਭਜਨ ਕਰਦਾ ਹੈ, ਨਾਮ-ਸਿਮਰਨ ਹਿਰਦੇ ਵਿਚ ਧਾਰਨ ਕਰਦਾ ਹੈ, ਅਤੇ ਸਾਧ ਸੰਗਤ ਵਿਚ ਜੁੜ ਕੇ ਪ੍ਰਭੂ ਦਾ ਗੁਣਾਨਵਾਦ ਕਰਦਾ ਹੈ, 'ਨਾਨਕ' ! ਉਸ ਨੂੰ ਜਮਦੂਤ ਨਹੀਂ ਦੇਖਣੇ ਪੈਂਦੇ (ਭਾਵ, ਉਸ ਦਾ ਜਮ-ਦੂਤਾਂ ਨਾਲ ਵਾਹ ਨਹੀਂ ਪੈਂਦਾ) ।

**ਸਾਰੰਸ਼** :–ਸਾਧ ਸੰਗਤ ਵਿਚ ਮਿਲ ਕੇ ਪ੍ਰਭੂ ਦੀ ਸਿਫਤ ਸਲਾਹ ਕਰਨ ਵਾਲੇ ਮਨੁਖ ਦੇ ਨੇੜੇ ਜਮ-ਦੂਤ ਨਹੀਂ ਫਟਕ ਸਕਦੇ । ਗੁਰਵਾਕ–

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥੩੧॥
[ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੬



www.AKJ.Org

ਨਚ ਦੁਰਲਭੰ ਧਨੰ ਰੂਪੰ
ਨਚ ਦੁਰਲਭੰ ਸ੍ਵਰਗ ਰਾਜਨਹ ॥
ਨਚ ਦੁਰਲਭੰ ਭੋਜਨੰ ਬਿੰਜਨੰ
ਨਚ ਦੁਰਲਭੰ ਸ੍ਵਛ ਅੰਬਰਹ ॥
ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ
ਨਚ ਦੁਰਲਭੰ ਬਨਿਤਾ ਬਿਲਾਸਹ ॥
ਨਚ ਦੁਰਲਭੰ ਬਿਦਿਆ ਪ੍ਰਬੀਣੰ
ਨਚ ਦੁਰਲਭੰ ਚਤੁਰ ਚੰਚਲਹ ॥
ਦੁਰਲਭੰ ਏਕ ਭਗਵਾਨ ਨਾਮਹ
ਨਾਨਕ ਲਬਧਿੰ ਸਾਧ ਸੰਗਿ ਕ੍ਰਿਪਾ ਪ੍ਰਭੰ ॥੩੫॥

**ਪਦ ਅਰਥ** :—ਦੁਰਲਭੰ—ਔਖਿਆਈ ਨਾਲ ਪ੍ਰਾਪਤ ਹੋਣ ਵਾਲਾ ਪਦਾਰਥ, ਭਾਵ ਅਮੋਲ ਪਦਾਰਥ। ਬਿੰਜਨ--ਸਵਾਦਲੇ ਖਾਣੇ । ਸ੍ਵਛ ਅੰਬਰਹ—ਸਾਫ਼ ਸੁਥਰੇ ਕਪੜੇ। ਸੁਤ—ਪੁੱਤਰ। ਭ੍ਰਾਤ—ਭਰਾ। ਬਾਂਧਵ—ਬੰਧੂ, ਰਿਸ਼ਤੇਦਾਰ। ਬਨਿਤਾ—ਇਸਤ੍ਰੀ, ਪਤਨੀ। ਬਿਲਾਸਹ—ਕਲੋਲ, ਭੋਗ ਬਿਲਾਸ । ਬਿਦਿਆ ਪ੍ਰਬੀਣੰ--ਵਿਦਿਆ ਵਿਚ ਪ੍ਰਬੀਨ (ਸਿਆਣਾ) ਹੋਣਾ। ਚਤੁਰ ਚੰਚਲਹ—ਚੁਸਤ ਚਲਾਕ । ਲਬਧਿ—ਲਭਦਾ ਹੈ। ਸਾਧ ਸੰਗਿ—ਸਾਧ ਸੰਗਤ ਵਿਚ। ਕ੍ਰਿਪਾ ਪ੍ਰਭੰ—ਪ੍ਰਭੂ ਦੀ ਕਿਰਪਾ ਦੁਆਰਾ।੩੫।

**ਅਰਥ** :—(ਸੰਸਾਰ ਵਿਚ) ਧਨ ਅਤੇ ਰੂਪ ਦੁਰਲਭ ਨਹੀਂ ਅਤੇ ਨਾ ਹੀ ਸਵਰਗ ਦਾ ਰਾਜ ਦੁਰਲਭ ਹੈ। ਭਾਂਤ ਭਾਂਤ ਦੇ ਸੁਆਦਲੇ ਖਾਣੇ ਦੁਰਲਭ ਨਹੀਂ ਅਤੇ ਨਾ ਹੀ ਸਾਫ਼-ਸੁਥਰੇ ਪੁਸ਼ਾਕੇ ਦੁਰਲਭ ਹਨ। ਪੁੱਤਰ, ਮਿੱਤਰ, ਭਰਾ, ਰਿਸ਼ਤੇਦਾਰ ਵੀ ਦੁਰਲਭ ਨਹੀਂ ਅਤੇ ਨਾ ਹੀ ਇਸਤ੍ਰੀ ਦੇ ਭੋਗ-ਬਿਲਾਸ ਦੁਰਲਭ ਹਨ। ਵਿਦਿਆ ਵਿਚ ਪ੍ਰਬੀਨਤਾ ਦੁਰਲਭ ਨਹੀਂ ਅਤੇ ਨਾ ਹੀ ਚੁਸਤੀ ਤੇ ਚਲਾਕੀ ਦੁਰਲਭ ਹੈ।

'ਨਾਨਕ' ! ਕੇਵਲ ਇਕ ਭਗਵਾਨ ਦਾ ਨਾਮ ਹੀ ਦੁਰਲਭ (ਅਮੋਲ) ਹੈ ਅਤੇ ਇਹ (ਨਾਮ) ਪ੍ਰਭੂ ਦੀ ਕਿਰਪਾ ਸਦਕਾ ਸਾਧ ਸੰਗਤ ਵਿਚ ਲਭਦਾ ਹੈ।੩੫।

**ਸਾਰੰਸ਼** :—ਜੀਵਨ ਵਿਚ ਦੁਨਿਆਵੀ ਪਦਾਰਥ ਲਭਣੇ ਦੁਰਲਭ ਨਹੀਂ ਹਨ। ਇਕ ਪ੍ਰਭੂ ਦਾ ਨਾਮ ਦੁਰਲਭ ਵਸਤੂ ਹੈ, ਜੋ ਪ੍ਰਭੂ ਦੀ ਕਿਰਪਾ ਨਾਲ ਸਾਧ ਸੰਗਤ ਵਿਚ ਪ੍ਰਾਪਤ ਹੁੰਦਾ ਹੈ।

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥੧॥
[ਸਿਰੀਰਾਗ ਕੇ ਛੰਤ ਮ: ੫ ਡਖਣਾ. ਪੰਨਾ ੮੧

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥
ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥
ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥
ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥੬॥
[ਜੈਤਸਰੀ ਕੀ ਵਾਰ ਮ: ੫, ਪੰਨਾ ੭੦੭

ਜਤ ਕਤਹ ਤਤਹ ਦ੍ਰਿਸਟੰ
ਸ੍ਵਰਗ ਮਰਤ ਪਯਾਲ ਲੋਕਹ ॥


www.AKJ.Org

**ਸਰਬਤ੍ਰ ਰਮਣੰ ਗੋਬਿੰਦਹ**
**ਨਾਨਕ ਲੇਪ ਛੇਪ ਨ ਲਿਪ੍ਯ੍ਯਤੇ ॥੩੬॥**

**ਪਦ ਅਰਥ** :–ਜਤ ਕਤਹ ਤਤਹ–ਜਿਥੇ ਕਿਥੇ ਤਿਥੇ, ਹਰ ਥਾਂ । ਦ੍ਰਿਸਟੰ–ਵੇਖੀਦਾ ਹੈ । ਮਰਤ ਲੋਕਹ–ਮਾਤ ਲੋਕ, ਧਰਤੀ । ਪਯਾਲ ਲੋਕਹ–ਪਤਾਲ ਲੋਕ । ਸਰਬਤ੍ਰ–ਸਭ ਥਾਈਂ । ਰਮਣੰ–ਰਮ ਰਿਹਾ, ਵਿਆਪਕ ਹੋ ਰਿਹਾ । ਲੇਪ ਛੇਪ–ਦਾਗ(ਮਾਇਆ ਦਾ ਪ੍ਰਭਾਵ) । ਨ ਲਿਪ੍ਯ੍ਯਤੇ–ਲਿਪਾਇਮਾਨ ਨਹੀਂ ਹੁੰਦਾ ।੩੬।

**ਅਰਥ** :–ਜਿਥੇ ਕਿਥੇ ਵੇਖੀਏ; ਭਾਵੇਂ ਮਾਤ ਲੋਕ ਵਿਚ, ਪਤਾਲ ਲੋਕ ਵਿਚ ਜਾਂ ਸਵੱਰਗ ਲੋਕ ਵਿਚ, ਓਥੇ, ਭਾਵ, ਹਰ ਥਾਵੇਂ ਵਾਹਿਗੁਰੂ ਰਮਿਆ ਹੋਇਆ ਹੈ । 'ਨਾਨਕ' ! ਰਮਤ ਰਾਮ ਸਾਰੀ ਪ੍ਰਕਿਤੀ ਵਿਚ ਵਸਦਾ ਹੋਇਆ ਵੀ, ਪ੍ਰਕਿਰਤੀ ਦੇ ਦਾਗ ਰਾਹੀਂ ਦਾਗਦਾਰ ਨਹੀਂ ਹੁੰਦਾ, ਭਾਵ, ਉਸ ਦੇ ਪ੍ਰਭਾਵ ਤੋਂ ਨਿਰਲੇਪ ਹੈ । (ਏਸੇ ਤਰ੍ਹਾਂ ਜੋ ਮਨੁਖ ਕੁਦਰਤ ਵਿਚ ਕਾਦਰ ਦੀ ਹੋਂਦ ਅਨੁਭਵ ਕਰਦਾ ਹੈ ਉਹ ਮਾਇਆ ਦੇ ਪ੍ਰਭਾਵ ਤੋਂ ਅਛੋਹ ਰਹਿੰਦਾ ਹੈ) ।੩੬।

**ਸਾਰੰਸ਼** :–ਸਾਰੀ ਪਰਕਿਰਤੀ ਵਿਚ ਰਮਿਆ ਹੋਣ ਦੇ ਬਾਵਜੂਦ ਪ੍ਰਭੂ ਆਪ ਸਭ ਕਾਸੇ ਤੋਂ ਅਲੇਪ ਹੈ । ਕੁਦਰਤ ਵਿਚੋਂ ਕਾਦਰ ਦੀ ਹੋਂਦ ਅਨੁਭਵ ਕਰਨ ਵਾਲਾ ਪ੍ਰਾਣੀ ਵੀ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੈ । ਜਿਉ ਜਲ ਅੰਦਰਿ ਕਮਲ ਹੈ ਮਾਇਆ ਵਿਚਿ ਉਦਾਸੁ ਰਹਾਇਆ ॥ ਵਾਰ ੫, ਪਉੜੀ ੧੩

**ਬਿਖਯਾ ਭਯੰਤਿ ਅੰਮ੍ਰਿਤੰ**
**ਦ੍ਰੁਸਟਾਂ ਸਖਾ ਸ੍ਵਜਨਹ ॥**
**ਦੁਖੰ ਭਯੰਤਿ ਸੁਖ੍ਯ੍ਯੰ**
**ਭੈ ਭੀਤੰਤ ਨਿਰਭਯਹ ॥**
**ਥਾਨ ਬਿਹੂਨ ਬਿਸ੍ਰਾਮ ਨਾਮੰ**
**ਨਾਨਕ ਕ੍ਰਿਪਾਲ ਹਰਿ ਹਰਿ ਗੁਰਹ ॥੩੭॥**

**ਪਦ ਅਰਥ** :–ਬਿਖਯਾ–ਬਿਖ, ਜ਼ਹਿਰ । ਭਯੰਤਿ–ਹੋ ਜਾਂਦਾ ਹੈ । ਦ੍ਰਸਟਾ–ਦੁਸ਼ਟ-ਆਤਮਾ, ਪਾਪ-ਆਤਮਾ । ਸ੍ਵਜਨਹ–ਚੰਗੇ ਪੁਰਸ਼ । ਭੈ ਭੀਤੰਤ–ਭੈ-ਭੀਤ ਹੋਏ ਹੋਏ, ਡਰੇ ਹੋਏ । ਨਿਰਭਯਹ–ਡਰ ਰਹਿਤ, ਬੇਖ਼ੌਫ਼ । ਥਾਨ ਬਿਹੂਨ–ਟਿਕਾਣੇ ਤੋਂ ਰਹਿਤ, ਨਿਥਾਵੇਂ । ਬਿਸ੍ਰਾਮ–ਟਿਕਾਣੇ ।੩੭।

**ਅਰਥ** :–'ਨਾਨਕ' ! ਵਾਹਿਗੁਰੂ-ਸਰੂਪ ਸਤਿਗੁਰੂ ਜੀ ਜਦੋਂ ਕਿਰਪਾਲੂ ਹੋ ਜਾਣ ਤਾਂ ਜ਼ਹਿਰ ਅੰਮ੍ਰਿਤ ਬਣ ਜਾਂਦਾ ਹੈ, ਦੁਸ਼ਟ-ਬੁੱਧੀ ਵਾਲੇ ਮੰਦਾ ਚਿਤਵਣ ਵਾਲੇ ਬੰਦੇ ਚੰਗੇ ਪੁਰਸ਼ ਤੇ ਮਿੱਤਰ ਹੋ ਨਿਬੜਦੇ ਹਨ, 'ਦੁਖ' ਸੁਖਾਂ ਵਿਚ ਵਟ ਜਾਂਦੇ ਹਨ, ਭੈ-ਭੀਤ ਹੋਏ ਹੋਏ ਪੁਰਸ਼ ਬੇਖ਼ੌਫ਼ ਹੋ ਜਾਂਦੇ ਹਨ ਅਤੇ ਨਿਥਾਵਿਆਂ ਦੀ 'ਨਾਮ' ਵਿਚ ਇਸਥਿਤੀ ਹੋ ਜਾਂਦੀ ਹੈ ।੩੭।

**ਸਾਰੰਸ਼** :–ਹਰੀ ਰੂਪ ਸਤਿਗੁਰੂ ਜਦੋਂ ਕਿਰਪਾਲੂ ਹੋ ਜਾਣ ਤਾਂ ਨਾਮ ਵਿਚ ਲੀਨਤਾ ਅਤੇ ਸਥਿਰਤਾ ਹੋ ਜਾਂਦੀ ਹੈ ਤੇ ਸਭ ਮੁਸ਼ਕਲਾਂ ਅਸਾਨ ਹੋ ਜਾਂਦੀਆਂ ਹਨ । ਗੁਰਵਾਕ–

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਓ ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥
ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪਰੇਤ ਸੁਰਿਨਰ ਭਇਅ ॥੨॥੬॥ (੧੩੯੯)



www.AKJ.Org

ਸਰਬ ਸੀਲ ਮਮੰ ਸੀਲੰ
ਸਰਬ ਪਾਵਨ ਮਮ ਪਾਵਨਹ ॥
ਸਰਬ ਕਰਤਬ ਮਮੰ ਕਰਤਾ
ਨਾਨਕ ਲੇਪ ਛੇਪ ਨ ਲਿਪ੍ਹਤੇ ॥੩੮॥

**ਪਦ ਅਰਥ**:- ਸਰਬ–ਸਾਰੀ। ਸੀਲ–ਸਹਿਨ-ਸ਼ੀਲਤਾ । ਮਮੰ–ਮੇਰੀ । ਪਾਵਨ–ਪਵਿਤਰਤਾ । ਕਰਤਬ–ਕਾਰਜ। ਲੇਪ ਛੇਪ–ਲਾਗ ਲਪੇਟ, ਦਾਗ (ਮਾਇਆ ਦਾ ਪ੍ਰਭਾਵ) । ਨ ਲਿਪ੍ਹਤੇ–ਲਿਪਾਇਮਾਨ ਨਹੀਂ ਹੁੰਦਾ ।੩੮।

**ਅਰਥ**:–ਜੋ ਪ੍ਰਭੂ ਮੈਨੂੰ ਸ਼ੀਲਤਾ ਬਖ਼ਸ਼ਣ ਵਾਲਾ ਹੈ ਓਹੀ ਸਾਰਿਆਂ ਨੂੰ ਸ਼ੀਲਤਾ ਬਖਸ਼ਣ ਵਾਲਾ ਹੈ, ਜੋ ਪ੍ਰਭੂ ਮੈਨੂੰ ਪਵਿਤਰਤਾ ਦੇਣ ਵਾਲਾ ਹੈ ਓਹੀ ਸਾਰਿਆਂ ਨੂੰ ਪਵਿਤਰਤਾ ਦੇਣ ਵਾਲਾ ਹੈ, ਜੋ ਪ੍ਰਭੂ ਮੇਰਾ ਕਰਨ-ਹਾਰ ਹੈ ਓਹੀ (ਸੰਸਾਰ ਦੇ) ਸਾਰੇ ਕਰਤਬ ਕਰਨਹਾਰ ਹੈ । 'ਨਾਨਕ' ! (ਇਸ ਦੇ ਬਾਵਜੂਦ) ਉਹ (ਵਾਹਿਗੁਰੂ) ਮਾਇਆ ਦੀ ਕਾਲਖ ਨਾਲ ਦਾਗਦਾਰ ਨਹੀਂ ਹੁੰਦਾ ।੩੮।

**ਸਾਰੰਸ਼** :–ਪ੍ਰਭੂ ਸਭ ਜੀਵਾਂ ਦੇ ਸਰਬ ਕਾਰਜ ਕਰਨਹਾਰ ਹੁੰਦਾ ਹੋਇਆ ਵੀ, ਆਪ ਸਭ ਤੋਂ ਨਿਰਲੇਪ ਹੈ ਪ੍ਰਭੂ ਨੂੰ ਮਨ ਬਚ ਕਰਮ ਕਰਕੇ ਕਰਨਹਾਰ ਮੰਨਣ ਦਾ ਵਿਸ਼ਵਾਸ ਧਾਰਨ ਕਰਨ ਵਾਲਾ ਜਗਿਆਸੂ ਵੀ ਹਉਮੈ ਦੀ ਲੇਸ ਤੋਂ ਨਿਰਲੇਪ ਰਹਿੰਦਾ ਹੈ ।

ਨਹ ਸੀਤਲੰ ਚੰਦ੍ਰ ਦੇਵਹ
ਨਹ ਸੀਤਲੰ ਬਾਵਨ ਚੰਦਨਹ ॥
ਨਹ ਸੀਤਲੰ ਸੀਤ ਰੁਤੇਣ
ਨਾਨਕ ਸੀਤਲੰ ਸਾਧ ਸ੍ਵਜਨਹ ॥੩੯॥

**ਪਦ ਅਰਥ** :–ਸੀਤਲੰ–ਠੰਢਾ । ਚੰਦ੍ਰ–ਚੰਦਰਮਾ । ਦੇਵਹ–ਪ੍ਰਕਾਸ਼ ਕਰਨ ਵਾਲਾ । ਬਾਂਵਨ ਚੰਦਨਹ–ਚਿੱਟਾ ਚੰਦਨ ਜੋ ਸੁਗੰਧੀ ਵਾਲਾ ਹੁੰਦਾ ਹੈ । ਸੀਤ ਰੁਤੇਣ–ਸਰਦੀਆਂ ਦੀ ਰੁੱਤ । ਸ੍ਵਜਨਹ–ਚੰਗੇ ਪੁਰਸ਼ ।੩੯।

**ਅਰਥ** :–(ਚੰਦਰਮਾ, ਚੰਦਨ ਅਤੇ ਸਰਦ ਰੁੱਤ ਸੀਤਲ ਗਿਣੇ ਜਾਂਦੇ ਹਨ, ਪਰ ਮਨ ਨੂੰ ਸ਼ਾਂਤ ਕਰਨ ਲਈ) ਨਾ ਚੰਦਰਦੇਵ ਸੀਤਲ ਹੈ, ਨਾ ਬਾਵਨ (ਚਿੱਟਾ) ਚੰਦਨ, ਅਤੇ ਨਾ ਹੀ ਸੀਤਲ ਹੈ ਸਰਦੀਆਂ ਦੀ ਰੁੱਤ । 'ਨਾਨਕ' ! (ਮਨ ਦੀ ਤ੍ਰਿਸ਼ਨਾ-ਅਗਨੀ ਨੂੰ ਸਾਂਤ ਕਰਨ ਲਈ) ਭਲੇ ਪੁਰਸ਼, ਜਿਨ੍ਹਾਂ ਨੇ ਮਨ ਨੂੰ ਸਾਧਿਆ ਹੋਇਆ ਹੈ, ਹੀ ਸੀਤਲ ਹਨ । (ਉਨ੍ਹਾਂ ਦੀ ਸੰਗਤ ਦੁਆਰਾ ਹੀ ਮਨ ਨੂੰ ਸੀਤਲਤਾ ਮਿਲ ਸਕਦੀ ਹੈ ।) ।੩੯।

**ਸਾਰੰਸ਼** :--ਨਾਮ ਜਪਣ ਵਾਲੇ ਸਤ ਪੁਰਸ਼ਾਂ ਦੀ ਸੰਗਤ ਵਿਚ ਮਨ ਨੂੰ ਜੋ ਸੀਤਲਤਾ ਅਥਵਾ ਸ਼ਾਂਤੀ ਮਿਲ ਸਕਦੀ ਹੈ, ਉਹ ਹੋਰ ਕਿਸੇ ਵੀ ਠੰਢੀ ਤੋਂ ਠੰਢੀ ਵਸਤੂ,ਰੁਤ ਜਾਂ ਥਾਂ ਤੋਂ ਨਹੀਂ ਮਿਲ ਸਕਦੀ । ਗੁਰਵਾਕ–

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥੧੭॥ ਪੰਨਾ ੭੦੯

ਮੰਤ੍ਰੰ ਰਾਮ ਰਾਮ ਨਾਮੰ
ਧ੍ਹਾਨੰ ਸਰਬਤ੍ਰ ਪੂਰਨਹ ॥
ਗ੍ਹਾਨੰ ਸਮ ਦੁਖ ਸੁਖੰ
ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਆ
ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ



www.AKJ.Org

ਅਲਪ ਮਾਯਾ ਜਲ ਕਮਲ ਰਹਤਹ ॥
ਉਪਦੇਸੰ ਸਮ ਮਿਤ੍ਰ ਸਤ੍ਰਹ
ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ
ਆਪੁ ਤ੍ਹਿਾਗਿ ਸਗਲ ਰੇਣੁਕਹ ॥
ਖਟ ਲਖ੍ਹਣ ਪੂਰਨੰ ਪੁਰਖਹ
ਨਾਨਕ ਨਾਮ ਸਾਧ ਸ੍ਵਜਨਹ ॥੪੦॥

**ਪਦ ਅਰਥ** :–ਧ੍ਹਾਨੰ–ਧਿਆਨ। ਸਰਬਤ੍ਰ ਪੂਰਨਹ–ਸਭਨਾਂ ਵਿਚ ਵਿਆਪਕ ਹੋ ਰਹੇ ਪ੍ਰਭੂ ਵਿਚ। ਗ੍ਹਾਨੰ–ਗਿਆਨ। ਸਮ–ਬਰਾਬਰ, ਸਮਾਨ। ਜੁਗਤਿ–ਜੀਵਨ-ਜੁਗਤ। ਨਿਰਵੈਰਣਹ–ਨਿਰਵੈਰ ਹੋਣਾ। ਦਯਾਲੰ–ਦਿਆਲ ਹੋਣਾ। ਪੰਚ ਦੋਖ–ਪੰਜ ਕਾਮਾਦਿਕ ਦੋਖੀ। ਬਿਵਰਜਿਤਹ–ਰੋਕੀ ਰਖਦੇ ਹਨ। ਅਲਪ ਮਾਯਾ–ਮਾਇਆ ਤੋਂ ਅਲੇਪ। ਜਲ ਕਮਲ ਰਹਤਹ–ਜਿਵੇਂ ਜਲ ਵਿਚ ਕਮਲ ਨਿਰਲੇਪ ਰਹਿੰਦਾ ਹੈ। ਸਤ੍ਰਹ–ਸ਼ਤਰੂ, ਵੈਰੀ। ਭਾਵਨੀ–ਭੈ-ਭਾਵਨੀ,ਸ਼ਰਧਾ। ਨਹ ਸ੍ਰੋਤ–ਨਹੀਂ ਸੁਣਦੇ। ਸ੍ਰਵਣੰ-ਕੰਨ। ਤ੍ਹਿਾਗਿ–ਤਿਆਗ ਕੇ। ਸਗਲ ਰੇਣੁਕਹ–ਸਾਰਿਆਂ ਦੀ ਚਰਨ-ਧੂੜ। ਖਟ–ਛੇ। ਲਖ੍ਹਣ–ਲਛਣ, ਚਿੰਨ੍ਹ। ਪੂਰਨੰ ਪੁਰਖਹ–ਪੁੱਗੇ ਹੋਏ ਬੰਦੇ। ਸ੍ਵਜਨਹ–ਸ੍ਰੇਸ਼ਟ ਪੁਰਸ਼। ੪੦।

**ਅਰਥ** :–ਇਸ ਸਲੋਕ ਵਿਚ ਗੁਰਮੁਖਾਂ ਅਥਵਾ ਪੂਰਨ ਪੁਰਸ਼ਾਂ ਦੇ ਲਛਣ ਵਰਨਣ ਕੀਤੇ ਹੋਏ ਹਨ :–

ਰਸਨਾ ਤੋਂ ਸਦਾ ਵਾਹਿਗੁਰੂ ਦੇ ਨਾਮ ਦਾ ਮੰਤਰ ਉਚਾਰਦੇ ਰਹਿਣਾ ਅਤੇ ਨਿਰੰਤਰ ਸਰਬ-ਵਿਆਪਕ ਪ੍ਰਭੂ ਦਾ ਧਿਆਨ ਧਾਰੀ ਰਖਣਾ। ਦੁਖਾਂ ਸੁਖਾਂ ਨੂੰ ਇਕ-ਬਰਾਬਰ ਜਾਣਨਾ ਅਤੇ ਨਿਰਮਲ ਤੇ ਨਿਰਵੈਰ ਹੋ ਕੇ ਵਿਚਰਨ ਨੂੰ ਜੀਵਨ-ਜੁਗਤੀ ਬਣਾਉਣਾ। ਸਾਰੇ ਜੀਆਂ ਤੇ ਦਇਆਵਾਨ ਹੋਏ ਰਹਿਣਾ ਅਤੇ ਕਾਮਾਦਿਕ ਪੰਜਾਂ ਵਿਕਾਰਾਂ ਤੋਂ ਮਨ ਨੂੰ ਰੋਕੀ ਰਖਣਾ। ਗੋਪਾਲ ਪ੍ਰਭੂ ਦੇ ਕੀਰਤਨ ਨੂੰ ਭੋਜਨ ਬਣਾਉਣਾ ਅਤੇ ਮਾਇਆ ਵਿਚ ਇਉਂ ਨਿਰਲੇਪ ਰਹਿਣਾ ਜਿਵੇਂ ਜਲ ਵਿਚ ਕਮਲ ਅਲਿਪਤ ਰਹਿੰਦਾ ਹੈ। ਮਿਤਰਾਂ ਤੇ ਦੁਸ਼ਮਣਾਂ ਨੂੰ ਇਕ-ਸਮਾਨ ਜਾਣਨਾ ਅਤੇ ਸਭ ਨੂੰ ਭਗਵੰਤ (ਪਰਮਾਤਮਾ) ਦੀ ਭਗਤੀ ਵਿਚ ਭਾਵਨੀ ਸਹਿਤ ਜੁਟੇ ਰਹਿਣ ਦੀ ਅਧਿਆਤਮਕ ਸਿਖਿਆ ਦੇਣੀ। ਕੰਨਾਂ ਨਾਲ ਪਰਾਈ ਨਿੰਦਾ ਨਾ ਸੁਣਨੀ ਅਤੇ ਆਪਾ-ਭਾਵ ਛਡ ਕੇ ਸਭ ਦੀ ਚਰਨ-ਧੂੜ ਬਣੇ ਰਹਿਣਾ।

'ਨਾਨਕ' ! ਇਹ ਛੇ ਲਛਣ ਹਨ ਪੂਰਨ ਪੁਰਖਾਂ ਦੇ, ਜਿਨ੍ਹਾਂ ਨੂੰ ਸਾਧੂ ਤੇ ਸਤ-ਪੁਰਸ਼ ਦੀ ਸੰਗਿਆ ਦਿਤੀ ਜਾ ਸਕਦੀ ਹੈ।੪੦।

**ਸਾਰੰਸ਼** :–ਪ੍ਰਭੂ ਨੂੰ ਵਿਆਪਕ ਜਾਣਨਾ, ਸੁਆਸ ਸੁਆਸ ਸਿਮਰਨ ਕਰਨਾ, ਦੁਖਾਂ ਸੁਖਾਂ ਨੂੰ ਸਮਾਨ ਜਾਣਨਾ, ਨਿਰਵੈਰ ਰਹਿਣਾ, ਨਿਰਮਲ ਜੀਵਨ-ਜੁਗਤਿ ਧਾਰਨ ਕਰਨੀ, ਦਇਆ ਧਾਰਨੀ, ਕਾਮਾਦਿਕ ਪੰਜਾਂ ਵਿਕਾਰਾਂ ਨੂੰ ਕਾਬੂ ਵਿਚ ਰਖਣਾ, ਕੀਰਤਨ ਨੂੰ ਜੀਵਨ ਅਧਾਰ ਬਣਾਉਣਾ, ਮਿਤਰਾਂ ਸ਼ਤਰੂਆਂ ਨੂੰ ਸਮਾਨ ਜਾਣ ਕੇ ਸਭ ਦਾ ਭਲਾ ਲੋੜਨਾ, ਪਰਾਈ ਨਿੰਦਾ ਤੋਂ ਬਚਣਾ, ਆਪਾ ਭਾਵ ਤਿਆਗ ਕੇ ਸਭ ਦੀ ਚਰਨ ਧੂੜ ਬਣੇ ਰਹਿਣਾ, ਇਹ ਨਿਸ਼ਾਨੀਆਂ ਹਨ ਸਤ-ਪੁਰਸ਼ਾਂ ਦੀਆਂ।

ਅਜਾ ਭੋਗੰਤ ਕੰਦ ਮੂਲੰ
ਬਸੰਤੇ ਸਮੀਪਿ ਕੇਹਰਹ ॥
ਤਤ੍ਰਗਤੇ ਸੰਸਾਰਹ ਨਾਨਕ
ਸੋਗ ਹਰਖੰ ਬਿਆਪਤੇ ॥੪੧॥

**ਪਦ ਅਰਥ** :–ਅਜਾ–ਬਕਰੀ। ਭੋਗੰਤ–ਭੋਗਦੀ ਹੈ, ਖਾਂਦੀ ਹੈ। ਕੰਦ ਮੂਲੰ–ਘਾਹ ਬੂਟ। ਬਸੰਤੇ–



www.AKJ.Org

ਵਸਦੀ ਹੈ । ਸਮੀਪਿ-ਨੇੜੇ । ਕੇਹਰਹ-ਸ਼ੇਰ ਦੇ । ਤਤ੍ਰਗਤੇ-ਓਵੇਂ ਹੀ, ਓਸੇ ਤਰ੍ਹਾਂ । ਸੋਗ ਹਰਖੰ-ਦੁਖ ਸੁਖ । ਬਿਆਪਤੇ-ਫਸੇ ਹੋਏ ਹਨ ।੪੧।

**ਅਰਥ** :-ਬਕਰੀ (ਮਨ-ਭਾਉਂਦਾ) ਘਾਹ ਬੂਟ ਖਾਂਦੀ ਹੋਵੇ, ਪਰ ਵਸਦੀ ਹੋਵੇ ਸ਼ੇਰ ਦੇ ਨੇੜੇ, (ਤਾਂ ਸ਼ੇਰ ਦੇ ਡਰ ਕਰਕੇ ਉਸ ਦਾ ਖ਼ੂਨ ਖੁਸ਼ਕ ਹੋਇਆ ਰਹਿੰਦਾ ਹੈ) । 'ਨਾਨਕ' ! ਇਹੋ ਹਾਲ ਸੰਸਾਰ ਦੇ ਜੀਵਾਂ ਦਾ ਹੈ, ਜਿਹੜੇ ਹਰਖ ਸੋਗ ਦੇ (ਦੋ ਪੁੜਾਂ) ਵਿਚ ਫਸੇ (ਪਿਸਦੇ ਰਹਿੰਦੇ) ਹਨ ।

**ਸਾਰੰਸ਼** :--ਹਰ ਸੁਖ ਦੀ ਬੁਕਲ ਵਿਚੋਂ ਦੁਖ ਨਿਕਲਦਾ ਹੈ । ਦੁਖ ਦਾ ਸਹਿਮ ਮਨੁੱਖ ਨੂੰ ਸਦਾ ਬਣਿਆ ਰਹਿੰਦਾ ਹੈ,ਜੋ ਉਸ ਦੇ ਜੀਵਨ ਨੂੰ ਬੇਸੁਆਦਾ ਕਰੀ ਰਖਦਾ ਹੈ । ਗੁਰਵਾਕ-

ਹਰਖ ਸੋਗ ਕਾ ਦੇਹ ਕਰਿ ਬਾਧਿਓ ॥ ਦੀਰਘੁ ਰੋਗ ਮਾਇਆ ਆਸਾਧਿਓ ॥੧੩॥ ਪੰਨਾ ੨੯੯

**ਛਲੰ ਛਿਦ੍ਰੰ ਕੋਟਿ ਬਿਘਨੰ**
**ਅਪਰਾਧੰ ਕਿਲਬਿਖ ਮਲੰ ॥**
**ਭਰਮ ਮੋਹੰ ਮਾਨ ਅਪਮਾਨੰ**
**ਮਦੰ ਮਾਯਾ ਬਿਆਪਿਤੰ ॥**
**ਮ੍ਰਿਤ੍ਯੁ ਜਨਮ ਭ੍ਰਮੰਤਿ ਨਰਕਹ**
**ਅਨਿਕ ਉਪਾਵੰ ਨ ਸਿਧ੍ਯਤੇ ॥**
**ਨਿਰਮਲੰ ਸਾਧ ਸੰਗਹ**
**ਜਪੰਤਿ ਨਾਨਕ ਗੋਪਾਲ ਨਾਮੰ ॥**
**ਰਮੰਤਿ ਗੁਣ ਗੋਬਿੰਦ ਨਿਤ ਪ੍ਰਤਹ ॥੪੨॥**

**ਪਦ ਅਰਥ** :- ਛਲੰ-ਫਰੇਬ, ਧੋਖਾ । ਛਿਦ੍ਰੰ-ਐਬ, ਦੋਸ਼ । ਕੋਟਿ-ਕਰੋੜਾਂ । ਬਿਘਨੰ-ਰੁਕਾਵਟਾਂ । ਅਪਰਾਧੰ-ਗੁਨਾਹ । ਕਿਲਬਿਖ-ਪਾਪ । ਮਲੰ-ਮੈਲ, ਮੈਲ ਨਾਲ ਮਲੀਨ ਹੋਇਆ । ਮਾਨ ਅਪਮਾਨੰ-ਆਦਰ ਤੇ ਨਿਰਾਦਰ । ਮਦੰ-ਨਸ਼ਾ । ਬਿਆਪਿਤੰ-ਵਿਆਪਿਆ ਹੋਵੇ । ਮ੍ਰਿਤ੍ਯੁ-(ਉਚਾਰਨ : ਮ੍ਰਿਤਿਉ) ਮੌਤ । ਮ੍ਰਿਤ੍ਯੁ ਜਨਮ-ਜਨਮ ਮਰਨ । ਭ੍ਰਮੰਤਿ-ਭਰਮਦਾ ਹੈ । ਨਰਕਹ-ਨਰਕਾਂ ਵਿੱਚ । ਅਨਿਕ ਉਪਾਵੰ-ਕਈ ਤਰ੍ਹਾਂ ਦੇ ਸਾਧਨ । ਨ ਸਿਧ੍ਯਤੇ-ਨਹੀਂ ਰਾਸ ਆਉਂਦੇ । ਜਪੰਤਿ-ਜਪਣ ਕਰਕੇ । ਰਮੰਤਿ-ਰਮਣ ਕਰਕੇ, ਸਿਮਰਨ ਕਰਨ ਨਾਲ । ਨਿਤਪ੍ਰਤਹ-ਹਰ ਰੋਜ਼, ਸਦਾ ਹੀ ।੪੨।

**ਅਰਥ**:-(ਜਿਹੜਾ ਮਨੁੱਖ ਜੀਵਨ ਵਿਚ ਮਾਇਆ ਦੇ) ਛਲ ਛਿਦਰ ਕਾਰਨ ਕਰੋੜਾਂ ਵਿਘਨਾਂ ਵਿਚ ਘਿਰਿਆ ਹੋਵੇ, ਪਾਪਾਂ ਤੇ ਅਪਰਾਧਾਂ ਦੀ ਮੈਲ ਨਾਲ ਮਲੀਨ ਹੋਇਆ ਪਿਆ ਹੋਵੇ, ਮਾਇਆ ਦੇ ਨਸ਼ੇ ਕਾਰਨ ਮਾਨ, ਅਪਮਾਨ, ਭਰਮ ਤੇ ਮੋਹ ਵਿਚ ਫਸਿਆ ਪਿਆ ਹੋਵੇ, ਜਨਮ ਮਰਨ ਦੇ ਗੇੜ ਵਿਚ ਪਿਆ ਗਰਭ-ਜੋਨ ਦਾ ਨਰਕ ਭੋਗਦਾ ਹੋਵੇ, (ਉਸ ਦੇ ਬਚਾਅ ਲਈ) ਅਨੇਕ ਉਪਾਅ ਕੀਤਿਆਂ ਵੀ ਸਫਲਤਾ ਨਹੀਂ ਹੁੰਦੀ ।

'ਨਾਨਕ' ! ਸਾਧ ਸੰਗਤ ਵਿਚ ਮਿਲ ਕੇ ਨਿਤਾਪ੍ਰਤ ਵਾਹਿਗੁਰੂ ਦੇ ਗੁਣ ਗਾਉਂਦਿਆਂ ਗੋਪਾਲ ਪ੍ਰਭੂ ਦਾ ਨਾਮ ਜਪਦਿਆਂ ਉਹ (ਪਾਪੀ ਅਪਰਾਧੀ ਮਨੁੱਖ ਵੀ) ਨਿਰਮਲ ਹੋ ਜਾਂਦਾ ਹੈ ।੪੨।

**ਸਾਰੰਸ਼**:-ਪਾਪਾਂ ਵਿਚ ਗ੍ਰਸੇ ਤੇ ਇਸ ਦੇ ਫਲ-ਸਰੂਪ ਜਨਮ ਮਰਨ ਦੇ ਗੇੜੇ ਕਟਦੇ ਅਤੇ ਨਰਕ ਭੋਗਦੇ ਪ੍ਰਾਣੀ ਦੇ ਛੁਟਕਾਰੇ ਦਾ, ਸਿਵਾਏ ਸੰਗਤ ਵਿਚ ਮਿਲ ਕੇ ਪ੍ਰਭੂ ਦੇ ਸਿਮਰਨ ਕਰਨ ਦੇ, ਹੋਰ ਕੋਈ ਸਫਲ ਸਾਧਨ ਨਹੀਂ । ਗੁਰਵਾਕ-

ਜਿਉ ਚੰਦਨ ਨਿਕਟਿ ਵਸੈ ਹਿਰਡ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥੩॥੪॥
ਗੋਡ ਮ: ੪, ਪੰਨਾ ੮੬੧



www.AKJ.Org

# ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ

[ਕਿਸ਼ਤ ਤੀਜੀ, ਲੜੀ ਜੋੜਨ ਲਈ ਵੇਖੋ 'ਸੂਰਾ' ਜੁਲਾਈ ੧੯੮੧]

[ਵਲੋਂ—ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

## *ਸਿੰਘਾਂ ਨੇ ਮੁੜ ਸਾਰੇ ਪੰਜਾਬ ਨੂੰ ਮਲ ਲਿਆ–*

ਅਹਿਮਦਸ਼ਾਹ ਦਾ ਪੰਜਾਬ ਉਤੇ ਸਤਵਾਂ ਹਲਾ ਅਸਲ ਵਿਚ ਸਿਖਾਂ ਵਿਰੁਧ ਇਸਲਾਮੀ ਜਹਾਦ ਸੀ, ਜਿਸ ਦਾ ਮਨੋਰਥ ਸਿਖਾਂ ਦਾ ਹਮੇਸ਼ਾ ਲਈ ਖੁਰਾ-ਖੋਜ ਮਿਟਾ ਦੇਣਾ ਸੀ। ਇਸ ਇਰਾਦੇ ਦੀ ਪੂਰਤੀ ਲਈ ਉਹ ਅਫ਼ਗਾਨਿਸਤਾਨ ਤੇ ਬਿਲੋਚਸਤਾਨ ਦੀਆਂ ਰਲਵੀਆਂ ਫ਼ੌਜਾਂ ਦਾ ਇਕ ਬੜਾ ਭਾਰਾ ਲਸ਼ਕਰ ਤਿਆਰ ਕਰ ਕੇ ਲਿਆਇਆ ਸੀ। ਲਾਹੌਰ ਦੇ ਸੂਬੇਦਾਰ ਕਾਬਲੀ ਮੱਲ ਨੂੰ ਵੀ ਫ਼ੌਜ ਸਮੇਤ ਨਾਲ ਲੈ ਲਿਆ ਸੀ। ਸਿਖਾਂ ਦਾ ਸਤਿਆਨਾਸ ਕਰਨ ਦੇ ਨਾਲ ਨਾਲ ਉਹ ਲੁਟ ਮਾਰ ਨਾਲ ਏਥੋਂ ਦਾ ਧਨ ਦੌਲਤ ਵੀ ਸਮੇਟ ਕੇ ਲੈ ਜਾਣਾ ਚਾਹੁੰਦਾ ਸੀ। ਉਹ ਆਇਆ ਤਾਂ ਬੜੇ ਧੂਮ-ਧੜੱਕੇ ਨਾਲ ਸੀ, ਪਰ ਖਾਲਸਾ ਜੀ ਨੇ ਉਸ ਨੂੰ ਦੂਹੀਂ ਦੋਹੀਂ ਹਥੀਂ ਲਿਆ। ਦੁਆਬਾ ਬਿਸਤ-ਜਲੰਧਰ ਵਿਚ ਲਗਾਤਾਰ ਸੱਤ ਦਿਨ ਉਸ ਦੀ ਉਹ ਬਾਬ ਕੀਤੀ ਕਿ ਉਸ ਨੂੰ ਪੰਜਾਬ ਦੋਜ਼ਖ ਨਜ਼ਰ ਆਉਣ ਲਗਾ। ਉਸ ਨੇ ਏਥੋਂ ਬਚ ਕੇ ਨਿਕਲ ਜਾਣ ਵਿਚ ਹੀ ਆਪਣੀ ਜਿੱਤ ਸਮਝੀ। ਦਿਲੀ ਤਕ ਪੁਜਣ ਦੀ ਉਸ ਦੀ ਤਮੰਨਾ ਪੂਰੀ ਨਾ ਹੋ ਸਕੀ।

ਸਿੰਘਾਂ ਨੇ ਉਸਦੀਆਂ ਅੱਖਾਂ ਦੇ ਸਾਮ੍ਹਣੇ ਲਾਹੌਰ ਉਤੇ ਕਬਜ਼ਾ ਕਰ ਲਿਆ, ਪਰ ਉਹ ਇਸ ਖ਼ਬਰ ਨੂੰ ਵਿਚੇ ਵਿਚ ਪੀ ਗਿਆ ਤੇ ਪੰਜਾਬੋਂ ਚਲਦਾ ਹੋਇਆ। ਲਾਹੌਰ ਉਤੇ ਕਬਜ਼ਾ ਕਰ ਲੈਣ ਤੋਂ ਪਿਛੋਂ ਸਿੰਘਾਂ ਦੂਰ ਦੂਰ ਤਕ ਹੱਥ ਮਾਰਨੇ ਸ਼ੁਰੂ ਕਰ ਦਿਤੇ। ਬੜੇ ਥੋੜੇ ਸਮੇਂ ਵਿਚ ਉਨ੍ਹਾਂ ਸਾਰੇ ਪੰਜਾਬ ਉਤੇ ਆਪਣੀ ਸਿੱਕਦਾਰੀ ਕਾਇਮ ਕਰ ਲਈ। ਦੁਰਾਨੀ ਪਾਤਸ਼ਾਹ ਦੇ ਬੰਦੋਬਸਤ ਦੀਆਂ ਧੱਜੀਆਂ ਉਡਾ ਦਿੱਤੀਆਂ। ਇਕ ਅਕਾਲ ਪੁਰਖ ਤੋਂ ਬਿਨਾਂ ਉਹ ਕਿਸੇ ਪਾਤਸ਼ਾਹ ਜਾਂ ਸ਼ਹਿਨਸ਼ਾਹ ਦਾ ਰੁਅਬ ਨਹੀਂ ਸਨ ਮੰਨਦੇ। ਉਹ ਉਸ ਦੁਰਾਨੀ ਪਾਤਸ਼ਾਹ ਨੂੰ ਕਦ ਖ਼ਾਤਰ ਵਿਚ ਲਿਆਉਂਦੇ ਸਨ, ਜਿਸ ਨੂੰ ਵਾਵਰੋਲੇ ਵਿਚ ਆਏ ਪੱਤਿਆ ਵਾਂਗ ਉਹ ਰੋਲੀ-ਮਧੋਲੀ ਫਿਰਦੇ ਸਨ। ਇਸ ਨੂੰ ਤਾਂ ਉਹ ਇਕ ਲੁਟੇਰਾ ਸਮਝਦੇ ਸਨ, ਜਿਸ ਨੂੰ ਮੁਲਕੋਂ ਦਬੱਲ ਕੇ ਏਥੇ ਅਮਨ-ਅਮਾਨ ਕਾਇਮ ਕਰਨਾ ਉਹ ਆਪਣਾ ਫ਼ਰਜ਼ ਸਮਝਦੇ ਸਨ। ਉਨ੍ਹਾਂ ਬੜੀ ਜਲਦੀ ਨਾਲ ਆਪਣੇ ਪਹਿਲੇ ਕਬਜ਼ੇ ਵਧਾਏ ਤੇ ਉਨ੍ਹਾਂ ਦਾ ਪਰਬੰਧ ਚੰਗਾ ਮਜ਼ਬੂਤ ਕੀਤਾ, ਤਾਕਿ ਇਥੋਂ ਦੇ ਵਾਸੀ ਵੀ ਇਨ੍ਹਾਂ ਧਾੜਵੀਆਂ ਤੋਂ ਸੁਰੱਖਿਅਤ ਹੋ ਕੇ ਸੁਖ ਦਾ ਸਾਹ ਲੈ ਸਕਣ।

## *ਦੁਆਬਾ ਬਾਰੀ ਦੀ ਵੰਡ–*

ਇਸ ਦੀ ਵੰਡ ਚਾਰ ਮਿਸਲਾਂ ਵਿਚਕਾਰ ਹੋਈ। ਭੰਗੀ ਮਿਸਲ ਪਾਸ ਸ੍ਰੀ ਅੰਮ੍ਰਿਤਸਰ ਸ਼ਹਿਰ ਤੇ ਇਸ ਦੇ ਚੁਗਿਰਦੇ ਦਾ ਇਲਾਕਾ ਸਮੇਤ ਤਰਨਤਾਰਨ ਦੇ ਪਰਗਣੇ ਦੇ। ਬਿਆਸ ਦੇ ਸੱਜੇ ਕੰਢੇ ਉਤੇ ਗੋਇੰਦਵਾਲ ਫ਼ਤਿਹਾਬਾਦ ਤੇ ਇਨ੍ਹਾਂ ਦੇ ਨਾਲ ਦੇ ਕੁਝ ਪਿੰਡ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਦਿਤੇ ਗਏ। ਉਂਜ ਸ: ਜੱਸਾ ਸਿੰਘ ਦਾ ਆਪਣਾ ਇਲਾਕਾ ਬਿਸਤ ਦੁਆਬ ਵਿਚ ਸੀ। ਕਾਦੀਆਂ ਅਤੇ ਸ੍ਰੀ ਹਰਿਗੋਬਿੰਦਪੁਰ ਦਾ ਇਲਾਕਾ, ਜਿਸ ਨੂੰ ਰਿਆੜਕੀ ਕਹਿੰਦੇ ਹਨ, ਰਾਮਗੜ੍ਹੀਆ ਮਿਸਲ ਪਾਸ ਰਿਹਾ। ਕਨ੍ਹਈਆ ਮਿਸਲ ਵਾਲਿਆਂ ਵਟਾਲਾ ਅਤੇ ਫ਼ਤਿਹਗੜ੍ਹ ਚੂੜੀਆਂ ਦੇ ਇਲਾਕੇ ਸਾਂਭ ਲਏ।(੧)

(੧) ਡਾ: ਹਰੀ ਰਾਮ ਗੁਪਤਾ–ਹਿਸਟਰੀ ਆਫ਼ ਦੀ ਸਿਖਸ–ii; ਸਫ਼ਾ ੨੩੧



www.AKJ.Org

ਪ੍ਰਬੰਧਕੀ ਤੌਰ ਤੇ ਸ੍ਰੀ ਅੰਮ੍ਰਿਤਸਰ ਭਾਵੇਂ ਭੰਗੀਆਂ ਪਾਸ ਹੀ ਸੀ, ਪਰ ਇਸ ਦੀ ਪਵਿੱਤਰ ਭੂਮੀ ਉਤੇ ਹਰ ਕੋਈ ਮਿਸਲ ਆਪਣੇ ਕਟੜੇ ਵਸਾ ਸਕਦੀ ਸੀ। ਇਹ ਕਟੜੇ ਅੱਜ ਤਕ ਇਨ੍ਹਾਂ ਦੇ ਵਸਾਉਣ ਵਾਲੀ ਮਿਸਲ ਦੇ ਨਾਉਂ ਨਾਲ ਹੀ ਪੁਕਾਰੇ ਜਾਂਦੇ ਹਨ। ਸਮੁੱਚੀ ਕੌਮ (ਸਰਬੱਤ ਖਾਲਸੇ) ਦੇ ਵਡੇ ਵਡੇ ਫ਼ੈਸਲੇ ਇਥੇ ਹੀ ਹੋਣੇ ਹੁੰਦੇ ਸਨ, ਤੇ ਸਾਲ ਵਿਚ ਦੀਪਮਾਲਾ ਤੇ ਵਿਸਾਖੀ ਦੇ ਤਿਉਹਾਰਾਂ ਤੇ ਸਰਬੱਤ ਖਾਲਸਾ ਜੀ ਨੇ ਇਥੇ ਦਰਸ਼ਨਾਂ ਨੂੰ ਆਉਣਾ ਹੁੰਦਾ ਸੀ, ਇਸ ਲਈ ਸਹੂਲਤਾਂ ਨੂੰ ਧਿਆਨ ਵਿਚ ਰਖਦਿਆਂ ਸਾਰੀਆਂ ਮਿਸਲਾਂ ਨੂੰ ਆਪਣੀ ਆਪਣੀ ਵਸੋਂ ਦੇ ਪੂਰਨ ਅਧਿਕਾਰ ਦਿਤੇ ਗਏ।(੨)

## ਦੁਆਬਾ ਰਚਨਾ–

ਰਾਵੀ ਤੇ ਚਨਾਬ ਦੇ ਵਿਚਕਾਰ ਦਾ ਬਹੁਤਾ ਹਿੱਸਾ ਸ: ਚੜ੍ਹਤ ਸਿੰਘ ਦੇ ਕਬਜ਼ੇ ਵਿਚ ਸੀ। ਉਸ ਨੇ ਆਪਣੇ ਦੋ ਸਿਰਕਢ ਸਰਦਾਰਾਂ ਨੂੰ ਆਪਣੇ ਇਲਾਕੇ ਦੇ ਪਰਬੰਧ ਲਈ ਇੰਜ ਥਾਪਿਆ–ਵਜ਼ੀਰਾਬਾਦ ਦਾ ਇਲਾਕਾ ਸ: ਗੁਰਬਖਸ਼ ਸਿੰਘ ਵੜੈਚ ਦੇ ਪਰਬੰਧ ਵਿਚ ਦਿਤਾ। ਮੌਜੂਦਾ ਹਾਫਿਜ਼ਾਬਾਦ, ਨੌਸ਼ਹਿਰਾ ਤੇ ਸ਼ੇਖੂਪੁਰੇ ਦੇ ਇਲਾਕੇ ਦਾ ਹਾਕਿਮ ਸ: ਭਾਗ ਸਿੰਘ ਵਿਰਕ ਨੂੰ ਥਾਪਿਆ। ਗੁਜਰਾਂਵਾਲੇ ਦੇ ਲਹਿੰਦੇ ਵਿਚਲੇ ਇਲਾਕੇ ਵਿਚ, ਭਟੀਆਂ, ਧਾਰੜ ਗੋਤ ਦਿਆਂ ਜੱਟਾਂ ਤੇ ਰਾਮ ਨਗਰ ਦੇ ਪਰਗਣੇ ਵਿਚ ਗੁਲਾਮ ਮੁਹੰਮਦ ਚੱਠਾ ਨੇ ਆਪਣੀ ਆਜ਼ਾਦੀ ਲਈ ਚੰਗੀ ਚੋਖੀ ਜਿਹਦ ਜਾਰੀ ਰਖੀ, ਪਰ ਸ: ਚੜ੍ਹਤ ਸਿੰਘ ਦੀ ਤਾਕਤ ਅੱਗੇ ਇਹ ਅੜ ਨਾ ਸਕੇ। ਅੰਤ ਵਿਚ ਉਸ ਦੇ ਅਧੀਨ ਹੋ ਗਏ। ਮੱਨਾ ਸਿੰਘ ਨੂੰ ਚੱਠਿਆਂ ਦੇ ਇਲਾਕੇ ਵਿਚੋਂ ੪੦੦੦ ਦੀ ਜਗੀਰ ਦਿਤੀ। ਧੰਨਾ ਸਿੰਘ ਸ: ਨੌਧ ਸਿੰਘ ਦਾ ਜੋਟੀਦਾਰ ਸੀ। ਇਸ ਦੇ ਦੋ ਪੁੱਤਰ ਸਨ, ਦੀਵਾਨ ਸਿੰਘ ਅਤੇ ਹੀਰਾ ਸਿੰਘ। ਇਹ ਆਪ ੧੭੬੫ ਵਿਚ ਮਰ ਗਿਆ। ਇਸ ਘਰਾਣੇ ਦੀ ਸੇਵਾ ਵਜੋਂ ਸ: ਚੜ੍ਹਤ ਸਿੰਘ ਨੇ ਇਨ੍ਹਾਂ ਦੋਹਾਂ ਭਰਾਵਾਂ ਨੂੰ ਚੰਗਾ ਮਾਣ ਦਿੱਤਾ ਤੇ ਪ੍ਰਹਿਲਾਦ ਪੁਰ ਤੇ ਕਲਸੀਆਂ ਆਦਿ ਪਿੰਡ ਇਨ੍ਹਾਂ ਨੂੰ ਪਰਬੰਧ ਲਈ ਦਿਤੇ।

ਸਹਾਏ ਸਿੰਘ ਤੇ ਸਾਹਿਬ ਸਿੰਘ ਪਹਿਲਾਂ ਚੌਧਰੀ ਸਨ ਤੇ ਸ਼ੇਖੂਪੁਰੇ ਦੇ ਪਰਗਣੇ ਵਿਚ ੩੦ ਪਿੰਡਾਂ ਦੇ ਮਾਲਕ ਸਨ। ਦੋਹਾਂ ਭਰਾਵਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਆ ਕੇ ਅੰਮ੍ਰਿਤ ਪਾਨ ਕੀਤਾ ਤੇ ਸਿੰਘ ਸਜ ਗਏ। ਇਨ੍ਹਾਂ ਹੁਣ ਸੋਹਣੀ ਤਾਕਤ ਬਣਾ ਲਈ ਤੇ ਚੜ੍ਹਾਈ ਕਰ ਕੇ ਲੁਬਾਣਿਆਂ ਪਾਸੋਂ ਸ਼ੇਖੂਪੁਰਾ ਖੋਹ ਲਿਆ। ਸ਼ੁਰੂ ਸ਼ੁਰੂ ਵਿਚ ਖਰਲਾਂ ਨੇ ਇਨ੍ਹਾਂ ਨਾਲ ਟੱਕਰ ਲਈ, ਪਰ ਅੰਤ ਵਿਚ ਇਹ ਖਰਲਾਂ ਉਤੇ ਭਾਰੂ ਹੋ ਗਏ।

ਤਾਰਾ ਸਿੰਘ, ਸਾਹਿਬ ਸਿੰਘ ਤੇ ਜੀਵਨ ਸਿੰਘ ਤਿੰਨੇ ਭੰਗੀ ਸਰਦਾਰ ਸਨ। ਇਨ੍ਹਾਂ ਸਿਆਲਕੋਟ ਉਤੇ ਚੜ੍ਹਾਈ ਕੀਤੀ ਤੇ ਏਥੋਂ ਦਾ ਅਫ਼ਗਾਨ ਗਵਰਨਰ ਟਾਕਰਾ ਨਾ ਕਰ ਸਕਿਆ ਤੇ ਸ਼ਹਿਰ ਛਡ ਕੇ ਨੱਸ ਗਿਆ। ਇਨ੍ਹਾਂ ਕਿਲ੍ਹਾ ਕਾਬੂ ਕਰ ਲਿਆ ਤੇ ਸਾਰੇ ਇਲਾਕੇ ਉਤੇ ਆਪਣਾ ਕਬਜ਼ਾ ਜਮਾ ਲਿਆ। ਇਸ ਸਾਰੇ ਇਲਾਕੇ ਦੀ ਸਾਲਾਨਾ ਆਮਦਨੀ ੬੦੦੦੦ ਰੁਪਏ ਸੀ।

---

(੨) ਅੰਮ੍ਰਿਤਸਰ ਗਜ਼ਟੀਅਰ ਸਫਾ ੧੦-੧੧,
ਡਾ: ਹਰੀ ਰਾਮ ਜੀ ਗੁਪਤਾ ਨੇ ੨੪੨ ਸਫਾ ਤੇ ਬੜਾ ਸੋਹਣਾ ਵੇਰਵਾ ਦਿਤਾ ਹੈ। ਉਹ ਲਿਖਦੇ ਹਨ ਕਿ ਇਨ੍ਹਾਂ ਮਿਸਲਾਂ ਨੇ ਆਪਣੀਆਂ ਵੰਡਾਂ ਦੀਆਂ ਅੱਗੇ ਹੋਰ ਪਟੀਆਂ ਬਣਾਈਆਂ ਹੋਈਆਂ ਸਨ; ਜਿਵੇਂ ਜੰਡਿਆਲਾ, ਬੁਤਾਲਾ, ਸਠਿਆਲਾ, ਬੁੰਡਾਲਾ, ਅਹਿਤਾਬ ਕੋਟ, ਜਲ੍ਹਾਲਬਾਦ, ਵੈਰੋਵਾਲ, ਕੋਟ ਮੁਹੰਮਦ ਖਾਨ (ਤਰਨ ਤਾਰਨ ਪਰਗਣਾ ਵਿਚ) ਸ: ਜੱਸਾ ਸਿੰਘ ਆਹਲੂਵਾਲੀਏ ਪਾਸ ਸਨ। ਗੁਰਦਾਸਪੁਰ ਦੀ ਹੱਦ ਉਤੇ ਮੱਤੇਵਾਲ ਸ: ਜੱਸਾ ਸਿੰਘ ਰਾਮਗੜ੍ਹੀਆ ਪਾਸ ਸੀ। ਗਿਲਵਾਲੀ, ਥੰਬਾ, ਪੰਜ ਗਰਾਈਆਂ, ਸੌੜੀਆਂ ਸ: ਜੈ ਸਿੰਘ ਕਨ੍ਹਈਆ ਦੀ ਮਿਲਖ ਵਿਚ ਸਨ। ਸਾਰਾ ਤਰਨ ਤਾਰਨ ਭੰਗੀਆਂ ਪਾਸ ਸੀ। ਸੌੜੀਆਂ ਦਾ ਬਾਕੀ ਹਿੱਸਾ, ਜਗਦੇਵ ਕਲਾਂ, ਗੋਨੇਵਾਲਾ ਤੇ ਕਤਿਆਲ ਸ: ਜੋਧ ਸਿੰਘ ਦੇ ਤਹਿਤ ਵਿਚ, ਛੀਨਾ ਸ: ਕਰਮ ਸਿੰਘ ਭੰਗੀ ਪਾਸ, ਸੈਂਸਰਾ ਸ: ਦੀਵਾਨ ਸਿੰਘ ਪਾਸ, ਖਾਪੜ ਖੇੜੀ ਸਿੰਘਪੁਰੀਆਂ ਦੇ ਕਬਜ਼ੇ ਵਿਚ ਸੀ।



www.AKJ.Org

ਕਰਮ ਸਿੰਘ ਭੰਗੀ ਗਿਲ ਗੋਤ ਦਾ ਤੇ ਰਾਜਾਸਾਂਸੀ ਪਾਸ (ਰਾਜਾਸਾਂਸੀ ਤੇ ਅਜਨਾਲੇ ਵਿਚਕਾਰ, ਕੁਕੜਾਂ ਵਾਲੇ ਅੱਡੇ ਤੋਂ ਖੱਬੇ ਹੱਥ ਅਤੇ ਰਾਜਾ ਸਾਂਸੀ ਤੋਂ ਕੋਈ ੫ ਕੁ ਮੀਲ ਪਛਮ ਵਿਚ) ਪਿੰਡ ਛੀਨੇ ਦਾ ਸੀ। ਇਸ ਨੇ ਅੱਗੇ ਵਧ ਕੇ ਫਿਰੋਜ਼ਦੀ, ਕਾਲੇ ਕੀ ਰੁੜਕੀ, ਬਾਜਰਾ ਜੋ ਸਿਆਲਕੋਟ ਵਿਚ ਹਨ, ਉਤੇ ਅਧਿਕਾਰ ਜਮਾ ਲਿਆ। ਇਹ ਪਿੰਡ ਛੀਨਾ ਵੀ, ਜੋ ਜ਼ਿਲਾ ਸ੍ਰੀ ਅੰਮ੍ਰਿਤਸਰ ਵਿਚ ਹੈ, ਸਮੇਤ ਚੁਗਿਰਦੇ ਦੇ ਪਿੰਡਾਂ ਦੇ ਏਸੇ ਦੇ ਅਧਿਕਾਰ ਵਿਚ ਰਿਹਾ।(੩)

ਸ ਹਰੀ ਸਿੰਘ ਭੰਗੀ ਨੇ ਕਲਾਸਵਾਲਾ, ਘਲੁੜ, ਪੰਨਵਾਂ ਚੁਬਾਰਾ ਜੋ ਮੌਜੂਦ ਜ਼ਿਲਾ ਸਿਆਲਕੋਟ ਵਿਚ ਹਨ, ਆਪਣੀ ਮੇਰ ਵਿਚ ਕਰ ਲਏ। ਇਸ ਤੋਂ ਬਿਨਾਂ ਸ੍ਰੀ ਅੰਮ੍ਰਿਤਸਰ ਦੇ ਕਾਫ਼ੀ ਪਿੰਡ ਭੰਗੀਆਂ ਵਾਲੀ ਪੱਟੀ ਚੋਂ ਇਸ ਦੇ ਤਹਿਤ ਵਿਚ ਸਨ।(੪)

## ਚੱਜ ਦੁਆਬ—

ਗਖੜ ਗੋਤ ਦਾ ਇਕ ਸਿਰਕੱਢ ਸਰਦਾਰ ਮਕੱਰਬ ਖਾਨ ਦੁਆਬਾ ਚੱਜ ਵਿਚ ਆਪਣੀ ਤਾਕਤ ਬਣਾਈ ਬੈਠਾ ਸੀ ਤੇ ਕਿਸੇ ਦੀ ਧੌਂਸ ਨਹੀਂ ਸੀ ਮੰਨਦਾ। ਇਹ ਇਸ ਇਲਾਕੇ ਵਿਚ ਅਹਿਮਦਸ਼ਾਹ ਦਾ ਸਭ ਤੋਂ ਵੱਡਾ ਮੁਰੈਲ ਸੀ। ਇਸ ਲਈ ਇਹ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦਾ। ਗੁਜਰਾਤ ਨੂੰ ਇਸ ਨੇ ਆਪਣੀ ਰਾਜਧਾਨੀ ਬਣਾ ਛਡਿਆ ਸੀ, ਜਿਥੇ ਇਸ ਨੇ ੧੭੪੧ ਤੋਂ ੧੭੬੫ ਈ: ਤਕ ਬੇ-ਰੋਕ-ਟੋਕ ਆਪਣੀ ਮਨ-ਮਰਜ਼ੀ ਦਾ ਰਾਜ ਚਲਾਇਆ। ਸਿੰਘਾਂ ਨੂੰ ਵੀ ਇਹ ਚਿਰ ਤੋਂ ਰੜਕਦਾ ਸੀ। ਸ: ਗੁਜਰ ਸਿੰਘ ਭੰਗੀ ਇਕ ਤਕੜੀ ਫ਼ੌਜ ਲੈ ਕੇ ਲਾਹੌਰੋਂ ਚੜ੍ਹਿਆ ਤੇ ਦੂਜੇ ਪਾਸਿਓਂ ਉਸ ਦਾ ਦੋਸਤ ਸ: ਚੜ੍ਹਤ ਸਿੰਘ ਗੁਜਰਾਂਵਾਲੇ ਵਲੋਂ ਵਧਿਆ, ਤਾਂਕਿ ਇਹ ਨਿਤ ਦਾ ਰੇੜਕਾ ਮੁਕਾ ਦਿੱਤਾ ਜਾਵੇ। ਦੋਹਾਂ ਸਰਦਾਰਾਂ ਨੇ ਮਿਲ ਕੇ ਹਮਲਾ ਕੀਤਾ। ਅਗੋਂ ਸ: ਮਕੱਰਬ ਖ਼ਾਨ ਨੇ ਵੀ ਡਟ ਕੇ ਮੁਕਾਬਲਾ ਕੀਤਾ, ਪਰ ਉਸ ਦੀ ਫੌਜ ਦੇ ਛੇਤੀ ਹੀ ਪੈਰ ਉਖੜ ਗਏ ਤੇ ਉਹ ਨਸ ਕੇ ਗੁਜਰਾਤ ਦੇ ਕ਼ਿਲ੍ਹੇ ਵਿਚ ਆਣ ਵੜਿਆ। ਸਰਦਾਰਾਂ ਨੇ ਕਿਲ੍ਹਾ ਘੇਰੇ ਵਿਚ ਲੈ ਲਿਆ ਤੇ ਹਰ ਤਰ੍ਹਾਂ ਦਾ ਕਿਲ੍ਹੇ ਲਈ ਰਸਦ-ਪਾਣੀ ਬੰਦ ਕਰ ਦਿਤਾ। ਇੰਜ ਕੁਝ ਦਿਨ ਤਕ ਆਕੀ ਹੋ ਕੇ ਬੈਠਾ ਰਿਹਾ, ਪਰ ਕੋਈ ਪੇਸ਼ ਨਾ ਜਾਂਦੀ ਵੇਖ ਕੇ ਇਕ ਦਿਨ ਕਿਲ੍ਹਾ ਛੱਡ ਕੇ ਖਾਲਸਾ ਫ਼ੌਜ ਵਿਚ ਦੀ ਲੜਦਾ-ਭਿੜਦਾ ਨਿਕਲ ਤੁਰਿਆ। ਪਰ ਸਾਜ਼ੋ-ਸਾਮਾਨ ਤੇ ਔਰਤਾਂ ਸਾਥ ਹੋਣ ਕਰਕੇ ਥੋੜੀ ਦੂਰ ਜਾ ਕੇ ਹੀ ਘੇਰਿਆ ਗਿਆ। ਪਰ ਆਪ ਉਹ ਇਕ ਹਾਥੀ ਉਤੇ ਚੜ੍ਹ ਕੇ ਘੇਰੇ ਚੋਂ ਨਿਕਲ ਗਿਆ ਤੇ ਇਕ ਡੂੰਘੀ ਤੇ ਸੰਘਣੇ ਰੁਖਾਂ ਨਾਲ ਭਰੀ ਖਡ ਵਿਚ ਜਾ ਹਾਥੀ ਉਤਾਰਿਆ। ਜਦ ਦੂਜੇ ਕੰਢੇ ਉਤੇ ਹਾਥੀ ਜਾ ਕੇ ਨਿਕਲਿਆ ਤਾਂ ਉਸ ਦਾ ਹੌਦਾ ਖ਼ਾਲੀ ਸੀ। ਇਸ ਤੋਂ ਪਿਛੋਂ ਉਸ ਦਾ ਕੋਈ ਥਹੁ-ਪਤਾ ਨਹੀਂ ਮਿਲਿਆ।(੫)

ਗੁਜਰਾਤ ਦਾ ਸ਼ਹਿਰ ਬੁਰੀ ਤਰ੍ਹਾਂ ਲੁਟਿਆ ਗਿਆ। ਸ਼ਹਿਰ ਦੀਆਂ ਫ਼ਸੀਲਾਂ ਤੇ ਕਿਲ੍ਹੇ ਨੂੰ ਹੋਰ ਮਜ਼ਬੂਤ ਕੀਤਾ ਗਿਆ। ਗੁਜਰ ਸਿੰਘ ਨੇ ਇਸ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾ ਲਿਆ। ਇਸ ਤੋਂ ਪਿਛੋਂ ਸਾਰਾ ਇਲਾਕਾ ਖ਼ੁਦ ਬਖ਼ੁਦ ਅਧੀਨ ਹੋ ਗਿਆ, ਜਿਸ ਨੂੰ ਦੋਹਾਂ ਸਰਦਾਰਾਂ ਨੇ ਵੰਡ ਲਿਆ।

---

(੩) ਖ਼ੁਸ਼ਵਕਤ ਰਾਏ—ਕਿਤਾਬ-ਏ-ਤਾਰੀਖ਼-ਏ-ਪੰਜਾਬ ਸਫ਼ਾ ੧੩੩-੩੪
ਬੂਟੇ ਸ਼ਾਹ—ਅ-੩੨੦। ਗਣੇਸ਼ ਦਾਸ—ਚਾਰ ਬਾਗ਼ ਪੰਜਾਬ ਸਫ਼ਾ ੩੧੭,
ਤਾਰੀਖ਼-ਏ-ਪੰਜਾਬ, ਪੰਜਾਬ ਚੀਫ਼ਸ—ਸਫ਼ਾ ੩੭੩।

(੪) ਪੰਜਾਬ ਚੀਫ਼ਸ—ਸਫ਼ਾ ੯੮-੧੫੧, ੩੬੮-੪੪੧,

(੫) ਪੰਜਾਬ ਚੀਫ਼ਸ ਦੇ ਸਫ਼ਾ ੫੮੦ ਅਨੁਸਾਰ ਜੇਹਲਮ ਪਾਰ ਲੰਘ ਗਿਆ ਸੀ। ਉਸ ਨੂੰ ਉਸ ਦੇ ਇਕ ਹਰੀਫ਼ ਡਮੇਲੀ ਦੇ ਹਿੰਮਤ ਖ਼ਾਨ ਨੇ ਪਨਾਹ ਦਿਤੀ, ਪਰ ਪਿਛੋਂ ਕਤਲ ਕਰ ਦਿਤਾ।


www.AKJ.Org

ਗੁਜਰਾਤ ਤੇ ਵੜਾਇਚ ਦਾ ਇਲਾਕਾ ਸ: ਗੁਜਰ ਸਿੰਘ ਨੂੰ ਆਇਆ ਤੇ ਕੁੰਜਾਹ ਦੇ ਪਰਗਣੇ ਤੋਂ ਲੈ ਕ ਮਿਆਣੀ ਦੀ ਹਦ ਤਕ ਤੇ ਜੇਹਲਮ ਨਦੀ ਦੇ ਕੰਢੇ ਤਕ ਦਾ ਸਾਰਾ ਇਲਾਕਾ ਸ: ਚੜ੍ਹਤ ਸਿੰਘ ਨੂੰ ਹਿਸੇ ਵਿਚ ਮਿਲਿਆ।(੬)

ਲੂਣ ਵਾਲੀਆਂ ਛੋਟੀਆਂ ਛੋਟੀਆਂ ਪਹਾੜੀਆਂ ਨਾਲ ਘਿਰਿਆ ਹੋਇਆ ਸਾਰਾ ਤਗ ਤੇ ਉਸ ਦੇ ਨਾਲ ਜੁੜਵਾਂ ਇਲਾਕਾ ਸ: ਚੜ੍ਹਤ ਸਿੰਘ ਨੇ ਮੱਲ ਲਿਆ। ਇਨ੍ਹਾਂ ਪਹਾੜੀਆਂ ਦੇ ਪੈਰਾਂ ਤੋਂ ਲੈ ਕੇ ਝਨਾਂ ਦਰਿਆ ਤਕ ਤੇ ਸਾਹੀਵਾਲ ਤਕ (ਇਹ ਸਾਹੀਵਾਲ ਦੁਆਬਾ ਚੱਜ ਵਿਚ ਹੀ ਹੈ। ਦੂਸਰਾ ਸਾਹੀਵਾਲ ਦੁਆਬਾ ਬਾਰੀ ਵਿਚ ਹੈ। ਇਸ ਬਾਰੇ ਪਹਿਲਾਂ ਲਿਖਿਆ ਜਾ ਚੁਕਿਆ ਹੈ।) ਦਾ ਸਾਰਾ ਇਲਾਕਾ ਭੰਗੀਆਂ ਨੇ ਸਾਂਭ ਲਿਆ। ਮਿਢਾ ਮੂਸਾ ਚੂਹਾ ਤੇ ਕਾਦਿਰਾਬਾਦ ਦੇ ਇਲਾਕੇ ਤਾਂ ਪਹਿਲਾਂ ਹੀ ਸ: ਗੰਡਾ ਤੇ ਸ: ਝੰਡਾ ਸਿੰਘ ਭੰਗੀ ਦੇ ਕਬਜ਼ੇ ਵਿਚ ਸਨ। ਮਿਆਣੀ ਦਾ ਇਲਾਕਾ ਵੰਡ ਵਿਚ ਤਾਰਾ ਸਿੰਘ ਨੂੰ ਦਿਤਾ ਗਿਆ। ਭੇਰਾ ਤੇ ਅਹਿਮਦਾਬਾਦ ਮਾਨ ਸਿੰਘ ਦੇ ਹਿੱਸੇ ਆਏ। ਭੰਗੀ ਸਰਦਾਰਾਂ ਦੇ ਇਲਾਕਿਆਂ ਦੀਆਂ ਹੱਦਾਂ ਸਾਹੀਵਾਲ, ਮਿਠਾ ਟਿਵਾਣਾ ਅਤੇ ਖੁਸ਼ਾਬ ਦੇ ਮੁਸਲਮਾਨ ਸਰਦਾਰਾਂ ਦੀਆਂ ਹਦਾਂ ਨਾਲ ਆਣ ਲੱਗੀਆਂ। ਇਨ੍ਹਾਂ ਚੰਗੇ ਗੁਆਂਢੀਆਂ ਵਾਲਾ ਰਵੱਈਆ ਧਾਰਨ ਕਰੀ ਰਖਿਆ ਤੇ ਸਿੰਘਾਂ ਸਰਦਾਰਾਂ ਨੂੰ ਕੋਈ ਆਕੜ ਫਾਕੜ ਨਾ ਵਿਖਾਈ, ਇਸ ਲਈ ਇਨ੍ਹਾਂ ਨੂੰ ਉਨ੍ਹਾਂ ਅਮਨ-ਚੈਨ ਨਾਲ ਵਸਦੇ ਰਹਿਣ ਦਿਤਾ। ਸਾਹੀਵਾਲ ਦੇ ਹਾਕਮ ਮੁਹੰਮਦ ਖਾਨ ਨੇ ਸਿੰਘਾਂ ਦੀ ਇਸ ਉਦਾਰਤਾ ਨੂੰ ਉਨ੍ਹਾਂ ਦੀ ਕਮਜ਼ੋਰੀ ਸਮਝ ਕੇ ਕੁਝ ਫੂੰ-ਫਾਂ ਵਿਖਾਉਣ ਦੀ ਕੋਸ਼ਿਸ਼ ਕੀਤੀ। ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਉਸਦਾ ਉਹ ਸਾਰਾ ਇਲਾਕਾ, ਜੋ ਸ਼ਾਹਪੁਰ ਦੇ ਚੜ੍ਹਦੇ ਵਿਚ ਸੀ, ਨਿਕੀ ਜਿਹੀ ਘੂਰੀ ਨਾਲ ਹੀ ਮੱਲ ਲਿਆ। ਹੁਣ ਉਸ ਪਾਸ ਸਿਰਫ ਉਹੋ ਹੀ ਇਲਾਕਾ ਰਹਿ ਗਿਆ ਸੀ ਜਿਹੜਾ ਸ਼ਾਹਪੁਰ ਦੇ ਪਛਮ ਵਿਚ ਨਿਹੰਗ ਤਕ ਸੀ। ਇਸ ਤੋਂ ਅਗੇ ਚੱਜ ਦੁਆਬਾ ਦਾ ਚਨਾਬ ਤੇ ਜੇਹਲਮ ਦੇ ਸੰਗਮ ਤਕ ਦਾ ਇਲਾਕਾ ਝੰਗ ਦੇ ਸਿਆਲ ਗੋਤ ਦੇ ਮੁਸਲਮਾਨ ਸਰਦਾਰ ਇਜ਼ਤ ਬਖਸ਼ ਰੁਹਾਨ ਪਾਸ ਹੀ ਰਿਹਾ।

## ਦੁਆਬਾ ਸਿੰਧ ਸਾਗਰ ਵਿਚ ਦੇ ਇਲਾਕੇ—

ਦੁਆਬਾ ਸਿੰਧ ਸਾਗਰ ਵਿਚ ਫਤਹ ਜੰਗ ਤੇ ਪਿੰਡੀ ਘੇਬ ਦਾ ਇਲਾਕਾ ਘੇਬਾ ਗੋਤ ਦੇ ਮੁਸਲਮਾਨਾਂ ਪਾਸ ਸੀ। ਇਹ ਸਿੰਧ ਦਰਿਆ ਤੇ ਸੁਆਂ ਨਦੀ ਦੇ ਵਿਚਕਾਰ ਦਾ ਪਹਾੜੀ ਇਲਾਕਾ ਹੈ। ਇਨ੍ਹਾਂ ਲੋਕਾਂ ਨੇ ਆਪਣੇ ਤਾਕਤਵਰ ਗੁਆਂਢੀਆਂ ਅਵਾਨਾਂ, ਗਖੜਾਂ, ਜੋਦਰਾਂ ਨੂੰ ਹਮੇਸ਼ਾ ਤੁਛ ਹੀ ਸਮਝਿਆ। ਜਿਹੜੇ ਖ਼ੈਬਰ ਵਲੋਂ ਅਫਗਾਨ ਹਮਲਾਵਰ ਵੀ ਆਏ ਇਨ੍ਹਾਂ ਨੂੰ ਨਿਵਾ ਨਹੀਂ ਸਕੇ। ਵਡਾ ਕਾਰਨ ਇਹ ਸੀ ਕਿ ਇਹ ਸਾਰਾ ਇਲਾਕਾ ਪਹਾੜੀ ਸੀ ਤੇ ਰਾਹੋਂ ਦੁਰਾਡਾ। ਸ: ਗੁਜਰ ਸਿੰਘ ਭੰਗੀ ਨੇ ਇਨ੍ਹਾਂ ਉਤੇ ਹਮਲੇ ਕੀਤੇ। ਘੇਬਿਆਂ ਨੇ ਛੇਤੀ ਹੀ ਅਨੁਭਵ ਕਰ ਲਿਆ ਕਿ ਉਹ ਸੁਰੱਖਿਅਤ ਨਹੀਂ ਹਨ ਤੇ ਬਹੁਤੀ ਦੇਰ ਅੜ ਨਹੀਂ ਸਕਦੇ। ਨਿਉਂ ਕੇ ਇਲਾਕਾ ਬਚਾ ਲਿਆ।

ਸ: ਚੜ੍ਹਤ ਸਿੰਘ ਨੇ ਰਾਵਲਪਿੰਡੀ ਦੇ ਦਖਣ ਵਿਚ ਰਾਏ ਜਲਾਲ ਦਾ ਸਾਰਾ ਇਲਾਕਾ ਆਪਣੇ ਕਬਜ਼ ਕਰ ਲਿਆ। ਰਾਏ ਜਲਾਲ ਨੂੰ ਸਾਰੀ ਸਾਲਾਨਾ ਆਮਦਨ ਵਿਚੋਂ ਚੁਹਾਰਮ (ਇਕ-ਚੋਥਾਈ) ਦਿਤਾ ਜਾਂਦਾ

---

(੬) ਗਣੇਸ਼ਦਾਸ–ਸਫਾ ੨੦੮-੦੯, ਖੁਸ਼ਵਕਤ ਰਾਏ ਸਫਾ ੧੩੦-੩੧, ਇਲੀਅਟ ਦਾ ਗੁਜਰਾਤ ਕਰਾਨੀਕਲ ਸਫਾ ੧੯-੨੦, ਗੁਜਰਾਤ ਗਜ਼ਟੀਅਰ ਸਫ਼ਾ ੧੬, ਇੰਪੀਰੀਅਲ ਗਜ਼ਟੀਅਰ ਆਫ ਇੰਡੀਆ, ਪੰਜਾਬ ii ਸਫਾ ੧੧, ੧੨, ੧੨੨, ੧੬੨, ਚੀਫ਼ਸ ਐਂਡ ਫ਼ੈਮਲੀ ਆਫ਼ ਨੋਟ ii, ਸਫ਼ਾ ੩੨੦. ਪੰਜਾਬ ਚੀਫਸ-ਸਫਾ ੫੮੦, ਸ਼ਾਹਪੁਰ ਗਜ਼ਟੀਅਰ ਸਫਾ ੧੭-੧੮; ਰਤਨ ਚੰਦ-ਖਾਲਸਾਨਾਮਾ, ਸਫਾ ੩੬-੩੮। ਡਾ: ਹਰੀ ਰਾਮ ਗੁਪਤਾ-ਸਫ਼ਾ ੩੩੪।



www.AKJ.Org

ਸੀ। ਕੁਝ ਦੇਰ ਪਿਛੋਂ ਜਦ ਘੇਬਿਆਂ ਨੇ ਕੁਝ ਤਿੜ-ਫਿਸ ਕੀਤੀ ਤਾਂ ਆਪਣੇ ਇਲਾਕੇ ਦਾ ਬਹੁਤ ਸਾਰਾ ਹਿਸਾ ਖੁਹਾ ਬੈਠੇ।

੧੯-੧੨-੧੭੬੫ ਦੀ ਲਿਖੀ ਇਕ ਮਰਾਠੀ ਚਿਠੀ, ਜੋ ਸਾਰ ਡਿਸਾਈ ਵਲੋਂ ਐਡਿਟ ਕੀਤੀ "ਸਿਲੈਕਸ਼ਨ ਫ਼ਰਾਮ ਪੇਸ਼ਵਾਜ਼ ਦਫਤਰ" (੪੫ ਜਿਲਦਾਂ) ਵਿਚ ਸੁਰੱਖਿਅਤ ਹੈ, ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਲਾਹੌਰ ਉਤੇ (ਭਾਵ ਸਾਰੇ ਪੰਜਾਬ ਉਤੇ) ਸਿਖਾਂ ਦਾ ਕਬਜ਼ਾ ਹੈ ਤੇ ਇਨ੍ਹਾਂ ਦੇ ਪ੍ਰਸ਼ਾਸਨ ਦੀ ਸਰਹੱਦ ਤੁਕ ਧਾਂਕ ਹੈ।

## ਲੰਗ ਚਲਾਇਲੇ ਦੀ ਦੁਰਘਟਨਾ ਤੇ ਸ: ਹਰੀ ਸਿੰਘ ਭੰਗੀ ਦਾ ਸ਼ਹੀਦ ਹੋਣਾ---

ਦਲ ਖਾਲਸਾ ਤੇ ਬਾ: ਆਲਾ ਸਿੰਘ ਦੇ ਪ੍ਰਸਪਰ ਸੰਬੰਧਾਂ ਬਾਰੇ ਕਾਜ਼ੀ ਨੂਰ ਮੁਹੰਮਦ ਦੇ ਇਕ ਝੂਠ ਤੋਂ ਪਰਦਾ ਚੁਕਦੇ ਹੋਏ ਇਸ ਘਟਨਾ ਬਾਰੇ ਮੈਂ ਪਹਿਲਾਂ ਵੀ ਦਸ ਚੁਕਿਆ ਹਾਂ। ਹੁਣ ਇਸ ਕੜੀ ਵਿਚ ਇਸ ਦੀ ਆਪਣੀ ਯੋਗ ਥਾਂ ਉਤੇ ਫਿਰ ਸੰਖੇਪ ਜਿਹਾ ਸੰਕੇਤ ਕਰਨਾ ਜ਼ਰੂਰੀ ਸਮਝਦਾ ਹਾਂ।

ਇਸ ਸਤਵੇਂ ਹਲੇ ਵਿਚ, ਬਗ਼ੈਰ ਦਿੱਲੀ ਅਪੜਿਆਂ, ਜਦ ਮੁੜਦਾ ਹੋਇਆ ਅਹਿਮਦ ਸ਼ਾਹ ਸਰਹੰਦ ਪੁਜਾ ਤਾਂ ਬਾਬਾ ਆਲਾ ਸਿੰਘ ਪਾਤਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਇਆ। ਸ਼ਾਹ ਨੇ ਉਸ ਨੂੰ ਰਾਜਗੀ ਦਾ ਖਿਤਾਬ, ਖਿਲਅਤ, ਧੌਂਸਾ ਤੇ ਨਿਸ਼ਾਨ ਦਿਤਾ। ਬਾਬਾ ਜੀ ਨੇ ਵੇਲਾ ਟਪਾਉਣ ਲਈ ਇਹ ਸਭ ਕੁਝ ਪਰਵਾਨ ਕਰ ਲਿਆ। ਸਿੰਘਾਂ ਨੂੰ ਬਾਬਾ ਜੀ ਦੀ ਇਹ ਗੱਲ ਚੰਗੀ ਨਾ ਲਗੀ ਤੇ ਉਨ੍ਹਾਂ ਇਸ ਗੱਲ ਦਾ ਬੜਾ ਰੋਸ ਮਨਾਇਆ। ਇਕ ਬਦੇਸ਼ੀ ਧਾੜਵੀ ਤੇ ਸਿੰਘਾਂ ਦੇ ਦੋਖੀ ਤੋਂ, ਜਿਸ ਨੂੰ ਮੁਲਕੋਂ ਕਢਣ ਲਈ ਸਿੰਘ ਸਿਰ-ਧੜ ਦੀ ਬਾਜ਼ੀ ਲਾਈ ਬੈਠੇ ਹਨ, ਇਹ ਰਾਜਗੀ ਦੇ ਖਿਤਾਬ ਪ੍ਰਵਾਨ ਕਰਨੇ ਸਿੰਘਾਂ ਲਈ ਬੜੀ ਹੀਣਤਾ ਵਾਲੀ ਗੱਲ ਸੀ। ਇਹ ਤਾਂ ਦੁਰਾਨੀ ਦੀ ਈਨ ਮੰਨ ਲੈਣ ਵਾਲੀ ਗੱਲ ਸੀ, ਜਿਸ ਨੂੰ ਸਰਬੱਤ ਖਾਲਸਾ ਮੌਤ ਨਾਲੋਂ ਵੀ ਬੁਰਾ ਸਮਝਦਾ ਸੀ। ਕਿਉਂਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਲਾਹੌਰ ਦੇ ਗਵਰਨਰ ਅਸਲਮ ਖਾਨ ਨੇ ਖਾਲਸਾ ਜੀ ਪਾਸ ਬਹੁਤ ਸਾਰਾ ਧਨ ਪਦਾਰਥ ਤੇ ਰਾਜਗੀ (ਨਵਾਬੀ) ਦਾ ਖਿਤਾਬ ਭੇਜਿਆ ਸੀ, ਜੋ ਸਿੰਘਾਂ ਠੁਕਰਾ ਦਿਤਾ ਸੀ। ਫਿਰ ਦੂਜੀ ਵਾਰ ਜਦ ਖ਼ਾਨ ਬਹਾਦਰ ਜ਼ਕਰੀਆ ਖਾਨ ਸੂਬੇਦਾਰ ਲਾਹੌਰ ਨੇ ਨਵਾਬੀ ਦਾ ਖਿਤਾਬ ਤੇ ਖਿਲਅਤ ਭੇਜੀ ਸੀ, ਸਿੰਘਾਂ ਨੇ ਪਰਵਾਨ ਨਹੀਂ ਕੀਤੀ। ਕੋਈ ਸਿੰਘ ਵੀ ਲੈਣ ਨੂੰ ਤਿਆਰ ਨਹੀਂ ਸੀ ਹੋਇਆ। ਜੋ ਸਰਕਾਰੀ ਅਹੁਦੇਦਾਰ ਨਾਲ ਆਏ ਸਨ ਉਨ੍ਹਾਂ ਦੇ ਵਾਰ ਵਾਰ ਇਹ ਕਹਿਣ ਤੇ ਕਿ ਇਹ ਨਵਾਬੀ ਦਾ ਖ਼ਿਤਾਬ, ਖ਼ਿਲਅਤ ਤੇ ਜਾਗੀਰ ਆਦਿ ਖਾਲਸਾ ਜੀ ਨੂੰ ਬਖਸ਼ੀਆਂ ਨਹੀਂ ਜਾ ਰਹੀਆਂ ਸਗੋਂ ਸਰਕਾਰ ਵਲੋਂ ਭੇਟਾ ਕੀਤੀਆਂ ਜਾ ਰਹੀਆਂ ਹਨ। ਭੇਟਾ ਨੂੰ ਵਾਪਸ ਨਾ ਮੋੜਿਆ ਜਾਵੇ। ਫਿਰ ਵੀ ਜਦ ਲੈਣ ਨੂੰ ਕੋਈ ਤਿਆਰ ਨਾ ਹੋਇਆ ਤਾਂ ਖਾਲਸਾ ਜੀ ਦਿਆਂ ਮੁਖੀ ਸਿੰਘਾਂ ਵਲੋਂ ਬਦੋ ਬਦੀ ਸ: ਕਪੂਰ ਸਿੰਘ ਜੀ ਨੂੰ ਇਹ ਸਭ ਕੁਝ ਦਿਤਾ ਗਿਆ। ਉਸ ਨੇ ਵੀ ਇਹ ਸਭ ਕੁਝ ਖਾਲਸਾ ਜੀ ਦੇ ਚਰਨਾਂ ਨਾਲ ਛੁਹਾ ਕੇ ਲਿਆ ਤੇ ਕਿਹਾ ਕਿ ਇਹ ਨਵਾਬੀ ਮੈਂ ਦਿਲੀ ਜਾਂ ਲਾਹੌਰ ਦੀ ਸਰਕਾਰ ਤੋਂ ਨਹੀਂ ਲੈ ਰਿਹਾ, ਮੈਂ ਇਸ ਨੂੰ ਖਾਲਸਾ ਜੀ ਵਲੋਂ ਕੀਤੀ ਗਈ ਬਖਸ਼ਿਸ਼ ਜਾਣ ਕੇ ਪਰਵਾਨ ਕਰ ਰਿਹਾ ਹਾਂ। ਖਾਲਸਾ ਜੀ ਨੂੰ ਰਾਜ-ਭਾਗ ਤਾਂ ਸਤਿਗੁਰਾਂ ਨੇ ਪਹਿਲਾਂ ਹੀ ਬਖਸ਼ਿਆ ਹੋਇਆ ਹੈ। ਇਸ ਲਈ ਏਡੇ ਉਚੇ ਆਦਰਸ਼ ਵਾਲੇ ਖਾਲਸਾ ਜੀ ਦਾ ਅੰਗ ਬਣ ਕੇ ਬਾਬਾ ਆਲਾ ਸਿੰਘ, ਜੋ ਕਿ ਕਲਗੀਧਰ ਪਾਤਸ਼ਾਹ ਦਾ ਅੰਮ੍ਰਿਤਧਾਰੀ ਸਿੰਘ ਹੈ, ਨੇ ਰਾਜਗੀ ਦਾ ਖਿਤਾਬ ਲੈਣ ਲਈ ਅਹਿਮਦਸ਼ਾਹ ਦੁਰਾਨੀ ਦੇ ਸਾਮ੍ਹਣੇ ਗੁਰੂ ਦੀ ਮੋਹਰ ਕੇਸਾਂ ਵਾਲਾ ਸਿਰ ਕਿਉਂ ਝੁਕਾਇਆ ? ਇਹ ਅਹਿਮਦ ਸ਼ਾਹ ਦੁਰਾਨੀ ਕੌਣ ਹੈ ਸਾਨੂੰ ਰਾਜਗੀਆਂ ਦੇ ਖ਼ਿਤਾਬ ਦੇਣ ਵਾਲਾ ? ਬਾਬਾ ਆਲਾ ਸਿੰਘ ਨੇ ਇਹ ਅਵੱਗਿਆ ਕਿਉਂ ਕੀਤੀ ? ਖਾਲਸਾ ਜੀ ਹੁਣ ਆਪਣੇ ਕਬਜ਼ਿਆਂ ਦੇ ਪਰਬੰਧ ਪੱਕੇ ਕਰਨ ਤੋਂ ਵਿਹਲਾ ਹੋ ਚੁਕਿਆ ਸੀ



www.AKJ.Org

ਇਸ ਲਈ ਬਾਬਾ ਆਲਾ ਸਿੰਘ ਨੂੰ ਕੁਝ ਸਿਖਿਆ ਦੇਣ ਲਈ ਖਾਲਸਾ ਦਲ ਸ: ਹਰੀ ਸਿੰਘ ਭੰਗੀ ਦੀ ਕਮਾਨ ਹੇਠ ਪਟਿਆਲੇ ਵੱਲ ਉੱਲਰ ਪਿਆ।

ਬਾਬਾ ਜੀ ਨੂੰ ਵੀ ਦੂਜੇ ਪਾਸੇ ਪਤਾ ਲੱਗ ਗਿਆ ਸੀ ਕਿ ਖਾਲਸਾ ਦਲ ਕਿਸ ਕਾਰਨ ਚੜ੍ਹਿਆ ਆ ਰਿਹਾ ਹੈ। ਆਪਣੇ ਵਕੀਲ ਝਟ ਦਲ ਖਾਲਸਾ ਪਾਸ ਭੇਜੇ ਕਿ ਦੁਰਾਨੀ ਤੋਂ ਲਏ ਰਾਜਗੀ ਖ਼ਿਤਾਬ ਦੀ ਅਵੱਗਿਆ ਵਜੋਂ ਉਸ ਨੂੰ ਤਨਖਾਹ ਲਾ ਕੇ ਬਖਸ਼ ਦਿਤਾ ਜਾਵੇ। ਨਾਲ ਹੀ ਕੁਝ ਫ਼ੌਜ ਵੀ ਭੇਜ ਦਿਤੀ ਕਿ ਇਲਾਕੇ ਉਤੇ ਕੋਈ ਸਖ਼ਤੀ ਜਾ ਵਾਧਾ ਘਾਟਾ ਨਾ ਹੋਵੇ। ਪਟਿਆਲੇ ਤੋਂ ਉੱਤਰ ਵਾਲੇ ਪਾਸੇ ਲੰਗ ਤੇ ਚਲਾਇਲਾ ਪਿੰਡਾਂ ਦੇ ਦਰਮਿਆਨ ਦੋਹਾਂ ਫੌਜਾਂ ਦੀ ਮੁਠਭੇੜ ਹੋ ਗਈ। ਦੇਵਨਾਤ ਨਾਲ ਸ: ਹਰੀ ਸਿੰਘ ਨੂੰ ਸ਼ੁਰੂ ਵਿਚ ਹੀ ਗੋਲੀ ਲੱਗ ਗਈ, ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਤੇ ਥੋੜੇ ਸਮੇਂ ਵਿਚ ਹੀ ਚਲਾਣਾ ਕਰ ਗਏ। ਸ: ਜੱਸਾ ਸਿੰਘ ਨੇ ਜਦ ਸੁਣਿਆ ਤਾਂ ਝੱਟ ਦੋਹਾਂ ਦਲਾਂ ਨੂੰ ਵਿਚ ਪੈ ਕੇ ਨਿਖੇੜ ਕੇ ਅੱਡ ਅੱਡ ਕਰ ਦਿਤਾ ਤੇ ਸਮਝਾਇਆ ਕਿ ਜੋ ਭਾਣਾ ਵਾਪਰਨਾ ਸੀ, ਉਹ ਵਾਪਰ ਗਿਆ। ਆਪਸ ਵਿਚ ਲੜ ਕੇ ਕਿਉਂ ਬਰਬਾਦੀ ਸਹੇੜਦੇ ਹੋ? ਬਿਗਾਨਿਆਂ ਵਲ ਹੋਵੋ, ਜੋ ਅੱਜ ਤੱਕ ਵੈਰ ਕਮਾਉਂਦੇ ਆ ਰਹੇ ਹਨ। ਦਲ ਦੇ ਸਰਦਾਰਾਂ, ਜੋ ਸ: ਹਰੀ ਸਿੰਘ ਦੀ ਸ਼ਹਾਦਤ ਹੋ ਜਾਣ ਕਾਰਨ ਬੁਰੀ ਤੇ ਉਤਰੇ ਸਨ, ਨੇ ਸ: ਜੱਸਾ ਸਿੰਘ ਦੀ ਇਹ ਗੱਲ ਮੰਨ ਲਈ। ਬਾਬਾ ਆਲਾ ਸਿੰਘ ਨੂੰ ਮੁੜ ਅੰਮ੍ਰਿਤ ਛਕਾਇਆ ਤੇ ਤਨਖ਼ਾਹ ਲਾ ਕੇ ਮੁਆਫ਼ ਕਰ ਕੇ, ਵੈਰੀਆਂ ਦੀ ਖ਼ਬਰ ਲੈਣ ਲਈ ਦਲ ਅੱਗੇ ਕੂਚ ਕਰ ਗਿਆ। ਇਸ ਘਟਨਾ ਤੋਂ ਛੇਤੀ ਹੀ ਮਗਰੋਂ ਭਾਦੋਂ ਵਦੀ ਛੇ ਸੰਮਤ ੧੮੨੨ ਬਿ: ਮੁਤਾਬਕ ੭ ਅਗਸਤ ਸੰਨ ੧੭੬੫ ਈ: ਨੂੰ ਬਾਬਾ ਆਲਾ ਸਿੰਘ ਚਲਾਣਾ ਕਰ ਗਏ।(੭)

## ਨਜੀਬੁੱਦੌਲਾ ਦੇ ਇਲਾਕੇ ਉਤੇ ਹਮਲਾ–

ਅਹਿਮਦਸ਼ਾਹ ਅਬਦਾਲੀ ਦਾ ਹਿੰਦੁਸਤਾਨ ਵਿਚ ਸਭ ਤੋਂ ਵੱਡਾ ਏਜੰਟ ਨਜੀਬੁੱਦੌਲਾ ਸੀ, ਜੋ ਸਮੇਂ ਸਮੇਂ ਉਸ ਨੂੰ ਹਿੰਦੁਸਤਾਨ ਉਤੇ ਹਮਲੇ ਕਰਨ ਲਈ ਪ੍ਰੇਰ ਕੇ ਸੱਦਦਾ ਰਹਿੰਦਾ ਸੀ। ਇਨ੍ਹਾਂ ਹਮਲਿਆਂ ਵਿਚ ਪੰਜਾਬ ਦਾ ਖ਼ਾਸ ਤੌਰ ਤੇ ਬਹੁਤ ਭਾਰਾ ਨੁਕਸਾਨ ਹੁੰਦਾ ਰਹਿੰਦਾ ਸੀ। ਹਜ਼ਾਰਾਂ ਲੋਕ ਮਰਦੇ ਸਨ, ਫ਼ਸਲਾ ਤੇ ਘਰ ਬਾਰ ਤਬਾਹ ਹੁੰਦੇ, ਧਨ-ਪਦਾਰਥ ਤੇ ਮਾਲ-ਡੰਗਰ ਲੁਟੇ ਪੁਟੇ ਜਾਂਦੇ। ਸਿੰਘ ਇਸ ਬਰਬਾਦੀ ਨੂੰ ਨਹੀਂ ਸਨ ਜਰ ਸਕਦੇ। ਉਹ ਸੀਨਾ ਤਾਣ ਕੇ ਧਾੜਵੀਆਂ ਦਾ ਟਾਕਰਾ ਕਰਦੇ, ਬੜਾ ਜਾਨੀ ਨੁਕਸਾਨ ਤੇ ਮੁਸੀਬਤਾਂ ਝੱਲਦੇ। ਸਿੰਘਾਂ ਦੇ ਵਿਰੋਧ ਕਾਰਨ ਅਬਦਾਲੀ ਨਾਲ ਵੈਰ ਬਹੁਤ ਵਧ ਰਿਹਾ ਸੀ। ਇਨ੍ਹਾਂ ਰੁਕਾਵਟਾਂ ਕਾਰਨ ਹੀ ਅਬਦਾਲੀ ਚਿਪ ਕੇ ਆਇਆ ਸੀ ਤੇ ਵੱਡਾ ਘਲੂਘਾਰਾ ਹੋਇਆ ਸੀ। ਫਿਰ ਇਸਲਾਮ ਦੇ ਨਾਉਂ ਤੇ ਜਹਾਦ ਦੇ ਰੂਪ ਵਿਚ ਸਤਵਾਂ ਹਲਾ ਸਿਖਾਂ ਦਾ ਖੁਰਾ-ਖੋਜ ਹੀ ਮਿਟਾ ਦੇਣ ਲਈ ਹੋਇਆ ਸੀ। ਵੱਡੇ ਘਲੂਘਾਰੇ ਵੇਲੇ ਸਿੰਘਾਂ ਦਾ ਬਹੁਤ ਹੀ ਜਾਨੀ ਨੁਕਸਾਨ ਹੋਇਆ ਸੀ। ਇਨ੍ਹਾਂ ਹੱਲਿਆਂ ਦਾ ਸਿਲਸਿਲਾ ਬੰਦ ਹੋਣ ਵਿਚ ਹੀ ਨਹੀਂ ਸੀ ਆ ਰਿਹਾ। ਇਹ ਹੱਲੇ ਕਰਾਉਣ ਵਿਚ ਨਜੀਬ ਦਾ ਬੜਾ ਵੱਡਾ ਹਿੱਸਾ ਸੀ। ਉਹ ਹਿੰਦੁਸਤਾਨ ਦੀ ਰਾਜਸੀ ਹਾਲਤ ਤੋਂ ਚੰਗੂ ਵਾਕਫ਼ ਸੀ ਤੇ ਏਥੋਂ ਦੀਆਂ ਕਮਜ਼ੋਰੀਆਂ ਤੇ ਫੁਟ ਦੀਆਂ ਖ਼ਬਰਾਂ ਅਬਦਾਲੀ ਨੂੰ ਵੇਲੇ ਕੁਵੇਲੇ ਪਹੁੰਚਾਉਂਦਾ ਰਹਿੰਦਾ ਸੀ। ਇਸ ਸੂਹ ਨਾਲ ਉਸ ਨੂੰ ਹੱਲੇ ਕਰਨੇ ਬਹੁਤ ਸੌਖੇ ਹੋ ਜਾਂਦੇ ਸਨ। ਇਸ ਸਾਰੀ ਬੀਮਾਰੀ ਦੀ ਜੜ੍ਹ ਨਜੀਬੁਦੌਲਾ ਹੀ ਸੀ, ਇਸ ਲਈ ਸਿੰਘਾਂ ਨੂੰ ਨਜੀਬ ਦੇ ਵਿਰੁਧ ਬੜਾ ਭਾਰਾ ਗੱਚ ਸੀ। ਉਂਜ ਭਾਵੇਂ ਸਿੰਘਾਂ ਨੇ ਅਹਿਮਦਸ਼ਾਹ ਦੀ ਹਕੂਮਤ ਦੀ ਸਫ਼ ਵਲ੍ਹੇਟ ਛਡੀ ਸੀ ਤੇ ਆਪਣਿਆਂ ਇਲਾਕਿਆਂ ਦੇ ਬੇਰੋਕ ਟੋਕ ਆਪ ਮਾਲਕ ਸਨ ਅਤੇ ਪੂਰੀ ਤਰ੍ਹਾਂ ਸਵਤੰਤਰ ਸਨ, ਪਰ ਜਿਤਨੀ ਦੇਰ ਤਕ ਨਜੀਬੁੱਦੌਲਾ ਅਹਿਮਦਸ਼ਾਹ ਨੂੰ ਸੂਹ ਤੇ ਸ਼ਹਿ

(੭) ਤਾਰੀਖ਼-ਏ-ਪਟਿਆਲਾ ਸਫ਼ਾ ਪ੭-ਪ੯, ੬੨, ਸ: ਕਰਮ ਸਿੰਘ ਜੀ ਹਿਸਟੋਰੀਅਨ––ਮਹਾਰਾਜਾ ਆਲਾ ਸਿੰਘ– ਸਫ਼ਾ ੨੪੬-੪੯।



www.AKJ.Org

# ਕੀਰਤਨ-ਰਸ ਲਈ ਉਪਰਾਲਾ ਅਤੇ ਤਰਲਾ

ਗੁਰਬਾਣੀ ਦੇ ਕੀਰਤਨ-ਰਸ ਦੀ ਪ੍ਰਾਪਤੀ ਸਰੋਤਿਆਂ ਅਤੇ ਕੀਰਤਨੀਆਂ ਦੋਹਾਂ ਧਿਰਾਂ ਤੇ ਨਿਰਭਰ ਹੈ। ਸਰੋਤੇ ਅਜਿਹੀ ਥਾਂ ਬੈਠੇ ਹੋਏ ਹੋਵਣ ਜਿਥੇ ਉਨ੍ਹਾ ਨੂੰ ਕੀਰਤਨ ਸਪੱਸ਼ਟ ਸੁਣਾਈ ਦੇ ਸਕੇ। ਸਰੋਤੇ ਆਪਣੀ ਸਮੁੱਚੀ ਸੁਰਤੀ ਬਿਰਤੀ ਨੂੰ ਗੁਰਬਾਣੀ ਵਿਚ ਜੋੜੀ ਰੱਖਣ ਅਤੇ ਗੁਰਬਾਣੀ ਦੇ ਭਾਵ ਨੂੰ ਸਮਝਣ ਦੀ ਕੋਸ਼ਿਸ਼ ਜਾਰੀ ਰੱਖਣ। ਦੋਹਾਂ ਧਿਰਾਂ ਲਈ ਬਿਰਤੀ ਉਖੇੜਨ ਵਿਚ ਨੇਤਰਾਂ ਦਾ ਬੜਾ ਹੱਥ ਹੈ।

ਕੀਰਤਨੀਆ ਜਿਸ ਸ਼ਬਦ ਦਾ ਕੀਰਤਨ ਕਰ ਰਿਹਾ ਹੋਵੇ, ਉਸ ਦੇ ਭਾਵ ਨੂੰ ਆਪ ਸਮਝਦਾ ਹੋਵੇ। ਉਸਦਾ ਆਪਣਾ ਸਮੁੱਚਾ ਧਿਆਨ ਗਾਇਨ ਕੀਤੇ ਜਾ ਰਹੇ ਸ਼ਬਦ ਵਿਚ ਹੋਵੇ। ਕੀਰਤਨੀਆ ਆਪ ਬਾਣੀ ਦਾ ਅਨੰਦ ਮਾਣ ਰਿਹਾ ਹੋਵੇ। ਸਰੋਤੇ ਤਾਂ ਫਿਰ ਮਾਨਣਗੇ ਹੀ।

ਕੀਰਤਨ ਕਰਨ ਵਾਲਾ ਪ੍ਰੇਮੀ, 'ਪ੍ਰਥਾਏ ਸ਼ਬਦ' ਦੀ ਚੋਣ ਕਰੇ। ਪ੍ਰਥਾਏ ਕੀਰਤਨ ਕਰਨ ਨਾਲ ਹੀ ਰੰਗ ਬੱਝਦਾ ਹੈ।

ਕੀਰਤਨ ਨਿਰੋਲ ਗੁਰਬਾਣੀ ਦਾ ਹੀ ਹੋਵੇ। (ਗੁਰਬਾਣੀ-ਗਾਵਹ-ਭਾਈ। ਓਹ-ਸਫਲ-ਸਦਾ-ਸੁਖਦਾਈ। –੬੨੯) ਕੀਰਤਨ ਵਿਚ ਕੱਚੀ ਬਾਣੀ (ਕਵਿਤਾ ਆਦਿ) ਦਾ ਉਚਾਰਨ ਨਾ ਕੀਤਾ ਜਾਏ। ਕਵਿਤਾਵਾਂ ਕੰਨ-ਰਸ ਹਨ। ਕੀਰਤਨੀਏ ਗੁਰਬਾਣੀ ਦੇ ਆਸਰੇ ਆਪਣੀ ਰਾਗ-ਵਿਦਿਆ ਦਾ ਪ੍ਰਗਟਾਵਾ ਨਾ ਕਰਨ, ਸਗੋਂ ਰਾਗ ਦੇ ਆਸਰੇ ਗੁਰਬਾਣੀ ਦਾ ਰੰਗ ਮਾਨਣ ਨੂੰ ਨਿਸ਼ਾਨਾ ਬਣਾਉਣ। ਅਤੇ 'ਕੋਈ-ਗਾਵੈ-ਰਾਗੀ-ਨਾਦੀ-ਬੇਦੀ-ਬਹੁ-ਭਾਤਿ-ਕਰਿ-ਨਹੀ-ਹਰਿ-ਹਰਿ-ਭੀਜੈ-ਰਾਮ-ਰਾਜੇ' ਨੂੰ ਹਮੇਸ਼ਾ ਯਾਦ ਰੱਖਣ।

ਇਸ ਪ੍ਰਥਾਏ ਦੋ ਤਿੰਨ ਪੁਰਾਣੇ ਵਾਕਿਆ ਯਾਦ ਆ ਗਏ ਹਨ। ਇਕ ਵੇਰ ਦੋ ਨੌਜਵਾਨ ਗੁਰਸਿਖ

---

[ਸਫਾ ੩੨ ਦੀ ਬਾਕੀ]

ਦੇ ਕੇ ਹਿੰਦੁਸਤਾਨ ਉਤੇ ਹਮਲੇ ਕਰਾਉਣ ਲਈ ਹੱਥ ਵਿਚ ਹਕੂਮਤ ਵੀ ਤਾਕਤ ਲਈ ਬੈਠਾ ਸੀ, ਉਤਨੀ ਦੇਰ ਤਰ ਬਿਪਤਾ ਸਿਰੋਂ ਨਹੀਂ ਸੀ ਟਲ ਸਕਦੀ, ਘਾਲਾਂ ਘਾਲ ਕੇ ਪ੍ਰਾਪਤ ਕੀਤੀ ਆਜ਼ਾਦੀ ਨੂੰ ਖਤਰਾ ਬਣਿਆ ਹੀ ਰਹੇਗਾ। ਇਸ ਲਈ ਨਜੀਬ ਦੀ ਸੁਧਾਈ ਕਰਨੀ ਬੜੀ ਜ਼ਰੂਰੀ ਸੀ। ਉਸ ਦੀ ਤਾਕਤ ਦਾ ਇੰਜਰ ਪਿੰਜਰ ਢਿਲਾ ਕਰਨ ਲਈ, ਉਸ ਵਿਰੁਧ ਮੁਹਿੰਮ ਚਾੜ੍ਹਨ ਦਾ ਸਮਾਂ ਆਣ ਪੁਜਾ ਸੀ।

ਪੰਜਾਬ ਵਿਚ ਜੁਲਾਈ ਤੇ ਅਗਸਤ ਬਰਸਾਤ ਦੇ ਮਹੀਨੇ ਹੁੰਦੇ ਹਨ। ਅਗਸਤ ਦੇ ਅੰਤ ਤਕ ਸਾਰਿਆਂ ਸਰਦਾਰਾਂ ਨੇ ਆਪਣਿਆਂ ਇਲਾਕਿਆਂ ਦੇ ਪਰਬੰਧ ਚੰਗੀ ਤਰ੍ਹਾਂ ਪੱਕੇ ਕਰ ਲਏ। ਸ਼ੁਰੂ ਸਤੰਬਰ ੧੭੬੫ ਈ: ਵਿਚ ਦਲ ਖਾਲਸਾ ਨਜੀਬ ਨਾਲ ਲੇਖਾ ਚੁਕਾਉਣ ਲਈ ਚੜ੍ਹ ਪਿਆ। ਵਿਉਂਤ ਇਹ ਬਣਾਈ ਗਈ ਕਿ ਨਜੀਬ ਦੇ ਇਲਾਕੇ ਉਤੇ ਇਕੋ ਸਮੇਂ ਦੋਂਹ ਪਾਸਿਆਂ ਤੋਂ ਹਮਲਾ ਕੀਤਾ ਜਾਵੇ। ਚੰਗੀ ਤਰ੍ਹਾਂ ਸੋਧਿਆ ਜਾਵੇ, ਨਾਲੇ ਉਗ੍ਰਾਹਿਆ ਜਾਵੇ। ਇਸ ਫੈਸਲੇ ਦੇ ਤਹਿਤ ਤਰੁਣਾ ਦਲ ਨੇ ਬੂੜੀਏ ਦੇ ਪਤਣੋਂ ਜਮਨਾ ਨੂੰ ਪਾਰ ਕੀਤਾ ਤੇ ਮਾਰੋ-ਮਾਰ ਕਰਦਾ ਹੋਇਆ ਸਹਾਰਨਪੁਰ ਨੂੰ ਹੋ ਤੁਰਿਆ। ਦੂਜੇ ਪਾਸੇ ਬੁਢਾ ਦਲ ਸ: ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਥਲੇ ੨੫ ਹਜ਼ਾਰ ਸਵਾਰਾਂ ਨਾਲ ਦਿਲੀ ਦੇ ਉਤਰ ਵਿਚ ਨਜੀਬ ਦੇ ਇਲਾਕਿਆਂ ਉਤੇ ਜਾ ਕੜਕਿਆ। ਬੜੀ ਤੇਜ਼ੀ ਨਾਲ ਸਾਰਾ ਇਲਾਕਾ ਰਾਣ ਮਾਰਿਆ। ਦੀਵਾਲੀ ਲਈ, ਜੋ ਇਸ ਸਾਲ ੧੪ ਅਕਤੂਬਰ ਨੂੰ ਸੀ, ਸ੍ਰੀ ਅੰਮ੍ਰਿਤਸਰ ਨੂੰ ਦੋਵੇਂ ਦਲ ਵਾਪਸ ਮੁੜ ਪਏ। ਏਨੀ ਛੇਤੀ ਮੁੜ ਆਉਣਾ ਦਸਦਾ ਹੈ ਕਿ ਸਿੰਘ ਇਸ ਵਾਰ ਸਿਰਫ਼ ਡਿਠ ਵੇਖਣ ਤੇ ਇਲਾਕੇ ਨੂੰ ਟੋਹਣ ਹੀ ਗਏ ਸਨ। ਦੂਜਿਆਂ ਅਰਥਾਂ ਵਿਚ ਇਹ ਹਮਲਾ ਅਗਲੇ ਵੱਡੇ ਹਮਲੇ ਦਾ ਪੇਸ਼-ਖ਼ੇਮਾ ਸੀ। (ਚਲਦਾ)



www.AKJ.Org

ਕੀਰਤਨੀਏ ਸ੍ਰੀ ਮਾਨ ਬਾਊ ਮਲ ਸਿੰਘ ਜੀ ਦੇ ਦਰਸ਼ਨ ਕਰਨ ਉਨ੍ਹਾਂ ਦੇ ਘਰ (ਤਰਨ ਤਾਰਨ) ਪੁੱਜੇ। ਦਾਸ ਭੀ ਗੁਰੂ ਨੇਤ ਓਥੇ ਹੀ ਸੀ। ਸੁੱਖ ਸਾਂਦ ਦੱਸਣ ਪੁੱਛਣ ਪਿਛੋਂ ਇਨ੍ਹਾਂ ਸਿੰਘਾਂ ਨੇ ਬਾਊ ਜੀ ਪਾਸੋਂ, ਦੋ ਸਬਦਾਂ ਦਾ ਕੀਰਤਨ ਕਰਕੇ ਸੁਣਾਉਣ ਦੀ ਆਗਿਆ ਮੰਗੀ। ਜੋ ਮਿਲ ਗਈ। ਫਿਰ ਅਸੀਂ ਸੱਭੇ ਜਣੇ ਉੱਠ ਕੇ ਗੁਰੂ ਸਾਹਿਬ ਜੀ ਦੇ ਕਮਰੇ ਵਿਚ ਜਾ ਬੈਠੇ। ਜਦ ਇਹ ਸਿੰਘ ਵਾਜਾ ਜੋੜੀ ਸੰਭਾਲ ਕੇ ਨਿੱਠ ਕੇ ਬੈਠ ਗਏ ਤਾਂ ਬਾਊ ਜੀ ਨੇ ਉਨ੍ਹਾਂ ਨੂੰ ਸੰਬੋਧਨ ਕਰ ਕੇ ਕਿਹਾ, "ਕੀਰਤਨ ਕਰਿਓ, ਹੇਕਾਂ ਨਾ ਲਾਇਓ।"

ਏਸੇ ਤਰ੍ਹਾਂ ਜਦ ਸ੍ਰੀ ਮਾਨ ਬਾਊ ਜੀ ਪਹਿਲੀ ਵੇਰ ਦਾਸ ਪਾਸ ਕਾਨ੍ਹਪੁਰ ਗਏ ਤਾਂ ਉਨ੍ਹਾਂ ਦੀ ਸਰੀਰਕ ਸਹੂਲਤ ਨੂੰ ਮੁਖ ਰਖ ਕੇ ਕੀਰਤਨ ਦਾ ਅਗਲਾ ਸਪਤਾਹਕ ਸਮਾਗਮ ਦਾਸ ਦੇ ਗ੍ਰਹਿ ਵਿਖੇ ਹੋਣਾ ਹੀ ਨੀਯਤ ਹੋ ਗਿਆ। ਤਾਂ ਬਾਊ ਜੀ ਸਥਾਨਕ ਜਥੇਦਾਰ ਸਾਹਿਬ ਨੂੰ ਪੁੱਛਣ ਲੱਗੇ, "ਕੀਰਤਨ ਕਰਨ ਵਾਲਾ ਭੀ ਕੋਈ ਹੈ ?" "ਹਾਂ ਜੀ, ਫਲਾਣੇ ਫਲਾਣੇ ਰਾਗੀ ਸਾਡੇ ਪਾਸ ਹੈਨ, ਉਹ ਸਭੇ ਦਰਸ਼ਨ ਦੇਣਗੇ", ਜਥੇਦਾਰ ਸਾਹਿਬ ਨੇ ਉੱਤਰ ਵਿਚ ਕਿਹਾ। ਤਾਂ ਬਾਊ ਜੀ ਨੇ ਕਿਹਾ, "ਸਾਨੂੰ ਰਾਗੀ ਨਹੀਂ ਚਾਹੀਦੇ, ਕੀਰਤਨੀਏ ਚਾਹੀਦੇ ਹਨ।" ਇਨ੍ਹਾਂ ਦ੍ਰਿਸ਼ਟਾਂਤਾਂ ਤੋਂ ਪਰਤੱਖ ਹੈ ਕਿ ਗੁਰਬਾਣੀ ਦਾ ਰਸ ਮਾਨਣ ਵਾਲੇ ਕੀ ਲੋਚਦੇ ਹਨ।

ਕੋਈ ੧੯੪੮ ਦੀ ਗੱਲ ਹੈ ਕਿ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਜਥੇ ਸਮੇਤ ਅਨੰਦਪੁਰ ਸਾਹਿਬ ਹੋਲਾ ਮਹੱਲਾ ਮਨਾਉਣ ਗਏ। ਅਤੇ ਤਖ਼ਤ ਸਾਹਿਬ ਉਪਰਲੀ ਮੰਜ਼ਿਲ ਤੇ ਆਸਾ ਦੀ ਵਾਰ ਦਾ ਕੀਰਤਨ ਅਰੰਭ ਕਰ ਦਿੱਤਾ। ਇਕ ਸੇਵਾਦਾਰ ਨੇ ਆ ਕੇ ਭਾਈ ਸਾਹਿਬ ਜੀ ਨੂੰ ਕਿਹਾ, ਕਿ "ਜਥੇਦਾਰ ਸਾਹਿਬ ਕਹਿੰਦੇ ਹਨ ਕਿ ਥੱਲੇ ਆ ਕੇ ਦੀਵਾਨ ਸਜਾਓ"। ਤਾਂ ਭਾਈ ਸਾਹਿਬ ਜੀ ਨੇ ਰੰਗ-ਰਤੜੀ ਬੋਲੀ ਵਿਚ ਉਤਰ ਦਿੱਤਾ, "ਅਸੀਂ ਦੀਵਾਨ ਨਹੀਂ ਸਜਾਉਣੇ, ਅਸੀਂ ਬਾਣੀ ਵਿਚੋਂ ਅੰਮ੍ਰਿਤ-ਰਸ ਕੱਢਣਾ ਹੈ।" ਇਹ ਸੁਣ ਕੇ ਸੇਵਾਦਾਰ ਵਾਪਸ ਮੁੜ ਗਿਆ। ਕੀਰਤਨ ਚਲਦਾ ਰਿਹਾ। ਥੋੜੀ ਦੇਰ ਬਾਅਦ ਦੋ ਤਿੰਨ ਸੇਵਾਦਾਰ ਆਏ ਅਤੇ ਸੱਚੇ ਪਾਤਸ਼ਾਹ ਜੀ ਦਾ ਸੁਖ-ਆਸਨ ਕਰ ਕੇ ਸਵਾਰਾ ਸਾਹਿਬ ਥੱਲੇ ਲੈ ਗਏ । ਭਾਈ ਸਾਹਿਬ ਜੀ ਬ-ਦਸਤੂਰ ਕੀਰਤਨ ਓਥੇ ਹੀ ਕਰਦੇ ਰਹੇ। ਅਤੇ ਸੰਗਤ ਭੀ ਮਸਤੁਲ-ਮਸਤ ਹੋਈ ਜੁੜੀ ਰਹੀ। ਸੰਗਤ ਦੀ ਰੁਚੀ ਦੇਖ ਕੇ ਪ੍ਰਬੰਧਕ ਜਨ ਫਿਰ ਸੱਚੇ ਪਾਤਸ਼ਾਹ ਜੀ ਦਾ ਸਰੂਪ ਵਾਪਸ ਉਪਰ ਲੈ ਆਏ ਅਤੇ ਮੁੜ ਪ੍ਰਕਾਸ਼ ਕਰ ਦਿਤਾ।

ਏਸੇ ਤਰ੍ਹਾਂ ਇਕ ਵਾਰ੍ਹੀ ਦੁਸਹਿਰੇ ਦੇ ਸਮਾਗਮ ਤੇ ਬੰਗਲਾ ਸਾਹਿਬ ਗੁਰਦਵਾਰੇ ਇਕ ਬੀਬੀ ਨੇ "ਨੀਰੁ ਵਹੇ ਵਹਿ ਚਲੈ ਜੀਉ..." ਸਬਦ ਦਾ ਬੜੇ ਪ੍ਰੇਮ ਨਾਲ ਕੀਰਤਨ ਅਰੰਭ ਕੀਤਾ ਅਤੇ ਮੁੜ ਮੁੜ "ਨੀਰੁ ਵਹੇ ਵਹਿ ਚਲੈ ਜੀਓ" ਤੁਕ ਨੂੰ ਦੁਹਰਾਇਆ। ਜਦ ਬੀਬੀ ਕੀਰਤਨ ਕਰ ਕੇ ਪਿੱਛੇ ਹਟੀ ਤਾਂ ਬਾਬੂ ਜੀ ਨੇ ਉਸ ਬੀਬੀ ਦੀਆਂ ਅੱਖਾਂ ਵੱਲ ਤੱਕਿਆ (ਜੋ ਨੀਰ-ਰਹਿਤ ਸਨ) ਤਾਂ ਕਹਿਓ ਨੇ, "ਫ਼ਰਜ਼ੀ ਕੀਰਤਨ ਕੀਤਾ ਹੈ, ਹਿਰਦੇ ਵਿਚੋਂ ਨਹੀਂ ਹੋਇਆ।"

ਕਈ ਵੇਰਾਂ ਜਦੋਂ ਕੀਰਤਨ ਦਾ ਖ਼ੂਬ ਰੰਗ ਬੱਝਦਾ ਹੁੰਦਾ ਹੈ, ਅਤੇ ਜੀਅ ਕਰਦਾ ਹੈ ਕਿ ਇਹ ਰੰਗ ਏਸੇ ਤਰ੍ਹਾਂ ਚਲ-ਸੁ-ਚਲ ਹੀ ਰਹੇ, ਸੰਗਤਿ ਵਿਚ ਬੈਠੇ ਕਿਸੇ ਪ੍ਰੇਮੀ ਦੇ ਮਨ ਵਿਚ ਕੋਈ ਪਰਮਾਣ ਦੇਣ ਦਾ ਤੀਬਰ ਖਿਆਲ ਉਤਪੰਨ ਹੋ ਜਾਂਦਾ ਹੈ। ਅਤੇ ਉਹ ਪ੍ਰੇਮੀ ਉੱਚੀ ਆਵਾਜ਼ ਨਾਲ ਆਪਣਾ ਪਰਮਾਣ ਅਰੰਭ ਕਰ ਦੇਂਦਾ ਹੈ। ਇਸ ਦੇ ਫਲ-ਸਰੂਪ ਕੀਰਤਨ ਬੰਦ ਹੋ ਜਾਂਦਾ ਹੈ ਅਤੇ ਪਰਮਾਣ ਅਰੰਭ ਰਹਿੰਦਾ ਹੈ। ਜਦ ਤੱਕ ਕੀਰਤਨੀਏ ਨੂੰ ਯਕੀਨ ਨਾ ਆ ਜਾਏ ਕਿ ਪਰਮਾਣ ਸਮਾਪਤ ਹੋ ਚੁੱਕਾ ਹੈ, ਜਾਂ ਪਰਮਾਣ ਦੇਣ ਵਾਲਾ ਇਸ਼ਾਰਾ ਨਾ ਕਰੇ, ਕੀਰਤਨ ਮੁੜ ਅਰੰਭ ਨਹੀਂ ਕੀਤਾ ਜਾਂਦਾ। ਰੰਗ-ਬੱਝੇ ਕੀਰਤਨ ਨੂੰ ਪਰਮਾਣ ਸੁਣਾਉਣ ਖ਼ਾਤਰ ਬੰਦ ਕਰਾ ਦੇਣਾ ਬੇ-ਰਸੀ ਪੈਦਾ ਕਰਦਾ ਹੈ। ਕਈ ਵੇਰ ਦੁਬਾਰਾ ਉਹ ਰੰਗ ਮੁੜ ਬੱਝਦਾ ਹੀ ਨਹੀਂ। ਪਰਮਾਣ ਦੀ ਸੇਵਾ ਕੀਰਤਨੀਏ ਦੇ ਜ਼ਿਮੇ ਹੀ ਰਹਿਣ ਦੇਣੀ ਚਾਹੀਦੀ ਹੈ।



www.AKJ.Org

ਏਸੇ ਤਰ੍ਹਾਂ ਕਈ ਪ੍ਰੇਮੀਆਂ ਨੂੰ ਭਾਈ ਨੰਦ ਲਾਲ ਜੀ ਦੀ ਰਚਨਾ ਵਿਚੋਂ ਫ਼ਾਰਸੀ ਦੇ ਪਰਮਾਣ ਦੇਣ ਦਾ ਬੜਾ ਸ਼ੌਕ ਹੈ। ਆਮ ਸੰਗਤਿ ਨੂੰ ਫ਼ਾਰਸੀ ਜ਼ਬਾਨ ਦੀ ਮੁਹਾਰਤ ਨਾ ਹੋਣ ਕਰਕੇ ਅਜਿਹੇ ਪਰਮਾਣ ਤੋਂ ਕਿਸੇ ਵਿਰਲੇ ਦੇ ਹੀ ਕੁਝ ਪੱਲੇ ਪੈਂਦਾ ਹੈ। ਅਜਿਹੇ ਪਰਮਾਣ ਸੰਗਤ ਵਿਚ ਬੇ-ਰਸੀ ਪੈਦਾ ਕਰਦੇ ਹਨ। ਇਸ ਲਈ ਸੰਕੋਚ ਯੋਗ ਹਨ। ਕਈ ਕੀਰਤਨੀਏ ਆਪ ਭੀ ਪਹਿਲੋਂ ਫ਼ਾਰਸੀ ਵਿਚ ਪਰਮਾਣ ਦੇਂਦੇ ਹਨ ਅਤੇ ਫਿਰ ਕਵਿਤਾ ਰੂਪ ਵਿਚ ਪੰਜਾਬੀ ਵਿਚ ਉਸ ਦਾ ਉਲੱਥਾ ਸੁਣਾਉਂਦੇ ਹਨ। ਜ਼ਿੰਨਾ ਚਿਰ ਇਹ ਸਿਲਸਿਲਾ ਜਾਰੀ ਰਹਿੰਦਾ ਹੈ, ਸੰਗਤਿ ਨੂੰ ਗੁਰਬਾਣੀ ਸੁਣਨ ਤੋਂ ਵਾਂਝਿਆ ਰਹਿਣਾ ਪੈਂਦਾ ਹੈ। ਅਜਿਹੇ ਪਰਮਾਣ ਦੀਵਾਨਾਂ ਵਿਚ ਤਕਰੀਰਾਂ ਕਰਨ ਵਾਲਿਆਂ ਪਾਸੋਂ ਹੀ ਸੋਭਦੇ ਹਨ, ਕੀਰਤਨ ਵਿਚ ਨਹੀਂ।

ਏਸੇ ਤਰ੍ਹਾਂ ਕਈ ਕੀਰਤਨੀਏ ਸਮਝਦੇ ਹਨ ਕਿ ਹੱਥ, ਸਿਰ ਅਤੇ ਅੱਖਾਂ ਦੇ ਇਸ਼ਾਰਿਆਂ ਰਾਹੀਂ, ਗੁਰਬਾਣੀ ਦੀਆਂ ਤੁਕਾਂ ਦਾ ਭਾਵ ਚੰਗੀ ਤਰ੍ਹਾਂ ਪ੍ਰਗਟਾਇਆ ਜਾ ਸਕਦਾ ਹੈ। ਕਵਾਲੀ ਕਰਨ ਵਾਲਿਆਂ ਲਈ ਤਾਂ ਅਜਿਹੇ ਸ਼ਾਇਦ ਮਤਲਬ ਰੱਖਦੇ ਹੋਣ, ਪਰ ਗੁਰੂ ਰੂਪ ਗੰਭੀਰ ਸੰਗਤਿ ਮੂਹਰੇ ਅਜਿਹੀਆਂ ਸਸਤੀਆਂ ਅਤੇ ਤਿੱਖੀਆਂ ਸਰੀਰਕ ਹਰਕਤਾਂ ਸੋਭਨੀਕ ਨਹੀਂ ਹਨ। ਗੁਰਬਾਣੀ ਦਾ ਇਲਾਹੀ ਰੰਗ ਮਾਨਣ ਵਾਲਿਆਂ ਦਾ ਸਰੀਰ ਸਹਿਜ-ਮਤੇ ਸੂਖਸ਼ਮ ਜਿਹੇ ਹੁਲਾਰੇ ਵਿਚ ਤਾਂ ਅਕਸਰ ਆਇਆ ਦੇਖੀਦਾ ਹੈ ਅਤੇ ਜਚਦਾ ਭੀ ਹੈ, ਪਰ ਕਵਾਲਾਂ ਵਾਲੀ ਤਿਖੀ ਸਰੀਰਕ ਹਿਲ-ਜੁਲ ਕਰਨ ਵਾਲੇ ਗੁਰੂ ਕੇ ਲਾਲਾਂ ਨੂੰ ਇਹ ਅਪਣਾਉਣੀ ਨਹੀਂ ਚਾਹੀਦੀ।

ਸੰਗਤਿ ਵਿਚ ਕੇਵਲ ਗੁਰਬਾਣੀ ਹੀ ਆਤਮਕ ਅਨੰਦ ਬੰਨ੍ਹਦੀ ਹੈ। ਕਈ ਆਪੋਂ ਚਿਤਵੀਆਂ ਧੁਨੀਆਂ, ਜੈਸਾ ਕਿ '**ਧੰਨ ਗੁਰੂ, ਧੰਨ ਪੰਜ ਪਿਆਰੇ**', ਆਦਿ ਕੀਰਤਨ ਦੇ ਦੌਰਾਨ ਨਹੀਂ ਲਾਉਣੀਆਂ ਚਾਹੀਦੀਆਂ। ਲੈਕਚਰਾਰਾਂ ਲਈ ਠੀਕ ਹਨ।

ਖ਼ਾਸ ਖ਼ਾਸ ਕੀਰਤਨੀਏ ਖ਼ਾਸ ਖ਼ਾਸ ਸ਼ਬਦਾਂ ਦਾ ਖ਼ੂਬ ਰੰਗ ਬੰਨ੍ਹਦੇ ਹਨ। ਇਨ੍ਹਾਂ ਸ਼ਬਦਾਂ ਦੀ ਨਕਲ ਕਰਨ ਵਾਲਿਆਂ ਪਾਸੋਂ ਅਕਸਰ ਉਹ ਰੰਗ ਨਹੀਂ ਬੱਝਦਾ। ਭਾਈ ਸਾਹਿਬ ਜੀ ਕੀਰਤਨ ਸਮੇਂ ਅਕਸਰ ਅਜਿਹੇ ਇਸ਼ਾਰੇ ਸ਼ਬਦਾਂ ਦੀ ਨਕਲ ਉਤਾਰਨ ਵਾਲੇ ਪ੍ਰੇਮੀ ਨੂੰ ਸ਼ੁਰੂ ਵਿਚ ਹੀ ਟੋਕ ਦਿਆ ਕਰਦੇ ਸਨ ਕਿ 'ਇਹ ਸ਼ਬਦ ਫਲਾਣੇ ਕੀਰਤਨੀਏ ਦਾ ਹੈ, ਤੁਸੀਂ ਹੋਰ ਕੋਈ ਸ਼ਬਦ ਲਓ।'

ਕੀਰਤਨ ਦੇ ਦੌਰਾਨ ਚੁਅੱਖਰੇ ਨਾਮ ਦਾ ਰਸਨਾ ਨਾਲ ਸਪੱਸ਼ਟ ਉਚਾਰਨ ਕਿਸੇ ਢੁਕਦੀ ਥਾਵੇਂ ਹੀ ਕਰਨਾ ਚਾਹੀਦਾ ਹੈ। ਨਾਮ ਅਭਿਆਸ ਦੀ ਸਾਸ-ਗਿਰਾਸੀ ਖੁੱਲ੍ਹੀ ਖੇਡ ਤਾਂ ਬਿਲਕੁਲ ਹੀ ਨਹੀਂ ਵਰਤਾਉਣੀ ਚਾਹੀਦੀ। ਇਸ ਨੂੰ ਆਪਣੇ ਹਿਰਦੇ ਅੰਦਰ ਹੀ ਗੁੱਪਤ ਚਲਦੇ ਰਹਿਣ ਦੇਣਾ ਚਾਹੀਦਾ ਹੈ। ਲੋੜ ਇਸੇ ਗੱਲ ਦੀ ਹੈ। ਇਸ ਦੀ ਧੁਨੀ ਦੂਸਰੇ ਦੇ ਕੰਨ ਤੱਕ (ਦੀਵਾਨ ਵਿਚ) ਨਹੀਂ ਜਾਣੀ ਚਾਹੀਦੀ। ਲਗਾਤਾਰ-ਖੰਡਾਕਾਰ-ਸਾਂਝਾ-ਅਭਿਆਸ **ਕੇਵਲ ਨਾਮ ਅਧਿਕਾਰੀਆਂ** ਦੀ ਸੰਗਤਿ ਵਿਚ ਹੀ ਅਤੇ ਖਾਸ ਕਰਕੇ ਅੰਮ੍ਰਿਤ ਵੇਲੇ ਦੇ ਮੂੰਹ-ਮਨ੍ਹੇਰੇ ਵਿਚ ਹੀ ਅਦੁਤੀ ਰੰਗ ਬੰਨ੍ਹਦਾ ਹੈ।

ਕੀਰਤਨ ਦੇ ਨਵੇਂ (ਆਰੰਭਕ) ਸਿਖਾਰੀਆਂ ਨੂੰ 'ਸਥਾਨਕ ਸਮਾਗਮਾਂ' ਵਿਚ ਤਾਂ ਬੇ-ਸ਼ੱਕ ਖੁਲ੍ਹਾ ਸਮਾਂ ਦਿਤਾ ਜਾਇਆ ਕਰੇ, ਪਰ 'ਸਾਲਾਨਾ ਸਮਾਗਮਾਂ' ਵਿਚ ਅਜਿਹਿਆਂ ਪਰਾਣੀਆਂ ਨੂੰ ਕੀਰਤਨ ਸੁਣਨ ਨਾਲ ਹੀ ਸੰਤੁਸ਼ਟ ਰਹਿਣਾ ਚੰਗਾ ਹੈ। ਮੁਕਦੀ ਗੱਲ ਇਹ, ਕਿ ਕੀਰਤਨੀਆ ਗੁਰਬਾਣੀ ਰੂਪ ਹੋ ਜਾਏ, ਗੁਰਬਾਣੀ ਨਾਲ ਗੱਲਾਂ ਕਰੇ ਅਤੇ ਗੁਰਬਾਣੀ ਦੀਆਂ ਗੱਲਾਂ ਦਾ ਮਨ ਅੰਦਰ ਹੁੰਗਾਰਾ ਭਰੇ। ਫਿਰ ਅਨਦੋ ਅਨਦ ਹੀ ਹੈ।

ਭੁੱਲਾਂ ਚੁੱਕਾਂ ਵਲੋਂ ਖਿਮਾਂ ਦਾ ਜਾਚਕ—ਖਾਲਸੇ ਦਾ ਸੇਵਕ—ਰਾਮ ਸਿੰਘ
ਜਥੇਦਾਰ ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸਰ

---

## ਸ਼ਹੀਦਾਂ ਨਮਿਤ ਸ੍ਰੀ ਅੰਮ੍ਰਿਤਸਰ ਵਿਖੇ ਮਾਸਕ ਰੈਣ-ਸਬਾਈ

ਵੈਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ, ਸ਼ਹੀਦਾਂ ਦੇ ਸਸਕਾਰ-ਅਸਥਾਨ ਦੇ ਸਾਹਮਣੇ ਗੁਰਦਵਾਰਾ ਰਾਮਸਰ ਦੇ ਖੁਲ੍ਹੇ ਪੰਡਾਲ ਵਿਚ ੨੯ ਅਗਸਤ ੧੯੮੧ ਸ਼ਨੀਵਾਰ ਦੀ ਰਾਤ ਨੂੰ ਮਾਸਕ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

www.AKJ.Org

# ਸਿੱਖੀ ਗੌਰਵ ਕਿਵੇਂ ਬਹਾਲ ਹੋਵੇ ?

[ਵਲੋਂ—ਸ: ਨਰੈਣ ਸਿੰਘ ਜੀ ਐਮ.ਏ., ਸਾਬਕਾ ਮੈਨੇਜਰ ਸ੍ਰੀ ਨਨਕਾਣਾ ਸਾਹਿਬ]

ਗੁਰੂ ਕੇ ਬਾਗ ਦੇ ਮੋਰਚੇ ਸਮੇਂ ੨੯ ਅਗਸਤ ਤੋਂ ੧੨ ਸਤੰਬਰ ੧੯੨੨ ਤਕ ਗੁਰਦੁਆਰੇ ਨੂੰ ਜਾਂਦੇ ਸੌ ਸੌ ਸਿੰਘਾਂ ਦੇ ਜਥੇ ਨੂੰ ਜਿਸ ਬੇਦਰਦੀ ਅਤੇ ਬੇਹਯਾਈ ਨਾਲ ਸੁਮਾਂ ਵਾਲੀਆਂ ਡਾਂਗਾਂ ਨਾਲ ਮਾਰਿਆ ਜਾਂਦਾ ਰਿਹਾ, ਜਿਸ ਮਾਰ ਕੁਟਾਈ ਨੇ ਕਈ ਸਿੰਘ ਸ਼ਹੀਦ ਕਰ ਦਿਤੇ ਅਤੇ ਕਈਆਂ ਦੀਆਂ ਲਤਾਂ ਬਾਹਾਂ ਤੇ ਹਡੀਆਂ ਪਸਲੀਆਂ ਟੁਟ ਜਾਣ ਕਾਰਨ ਓਹ ਉਮਰਾਂ ਭਰ ਲਈ ਨਕਾਰੇ ਹੋ ਗਏ, ਉਨ੍ਹਾਂ ਦਾ ਅਖੀਂ ਡਿਠਾ ਦ੍ਰਿਸ਼ ਪ੍ਰੋ: ਰੁਚੀ ਰਾਮ ਸਾਹਨੀ ਆਪਣੀ ਪੁਸਤਕ Struggle for Reform in Sikh Shrines ਵਿਚ ਇਉਂ ਬਿਆਨ ਕਰਦਾ ਹੈ : "ਮੈਂ ਵੇਖਿਆ ਕਿ ਸਧਾਰਨ ਮਨੁੱਖ ਜੋ ਸਿਖ ਕੌਮ ਦੀਆਂ ਅਤਿ ਛੋਟੀਆਂ ਸਰੇਣੀਆਂ ਵਿਚੋਂ ਇਸ ਸੇਵਾ ਲਈ ਅਗੇ ਆਏ ਸਨ, ਵਡੀਆਂ ਆਦਰਸ਼ਕ ਉਚਾਈਆਂ ਤਕ ਅਪੜੇ ਅਤੇ ਉਨ੍ਹਾਂ 'ਸੂਰਬੀਰਾਂ' ਦਾ ਰੋਲ ਅਦਾ ਕੀਤਾ। ਸਾਧਾਰਨ ਪੇਂਡੂ ਕਿਸਾਨਾਂ ਤੇ ਮਜ਼ਦੂਰਾਂ ਨੇ ਕਿਸੇ ਅੰਦਰੂਨੀ ਦਿਲੋਂ ਉਠੀ ਹੂਕ ਅਤੇ ਧਰਮ ਦੇ ਗਹਿਰੇ ਜਜ਼ਬੇ ਤੋਂ ਪ੍ਰੇਰਤ ਹੋ ਕੇ ਅਦਮ-ਤਸ਼ੱਦਦ (ਅਗੋਂ ਹੱਥ ਨਾ ਚੁਕਣ) ਵਾਲੇ ਘੋਲ ਅੰਦਰ ਓਹ ਰੋਲ ਅਦਾ ਕੀਤਾ ਹੈ ਜਿਸ ਉਤੇ ਵਡੇ ਤੋਂ ਵਡਾ ਮਨੁਖ ਵੀ ਫ਼ਖ਼ਰ ਕਰ ਸਕਦਾ ਹੈ।"

ਇਕ ਅੰਗਰੇਜ਼ ਪਾਦਰੀ ਸੀ. ਐਫ. ਐਂਡਰਿਊਜ਼ ਵਲੋਂ ਗੁਰੂ ਕੇ ਬਾਗ ਨੂੰ ਜਾਂਦੇ ਇਕ ਸੌ ਸਿੰਘਾਂ ਬਾਰੇ ੧੨ ਸਤੰਬਰ ੧੯੨੨ ਦੇ ਅਖੀਂ ਡਿਠੇ ਹਾਲਾਤ ੧੯-੨੦ ਸਤੰਬਰ ਦੇ ਅਖ਼ਬਾਰਾਂ ਵਿਚ ਛਪੇ ਸਨ ਜਿਸ ਵਿਚੋਂ ਟੂਕ ਮਾਤਰ ਹੇਠਾਂ ਦਰਜ ਹਨ—"ਮੈਂ ਵੇਖਿਆ, ਕਾਲੀਆਂ ਦਸਤਾਰਾਂ ਵਾਲੇ ਚਾਰ ਅਕਾਲੀ, ਦਰਜਨ ਕੁ ਪੁਲਸੀਆਂ, ਜਿਨ੍ਹਾਂ ਵਿਚ ਦੋ ਅੰਗਰੇਜ਼ ਸਨ, ਦੇ ਸਾਹਮਣੇ ਖੜੇ ਸਨ। ਉਨ੍ਹਾਂ ਦੇ ਹੱਥ ਜੁੜੇ ਹੋਏ ਸਨ, ਤੇ ਇਉਂ ਲਗਦਾ ਸੀ ਜਿਵੇਂ ਅਰਦਾਸ ਕਰਦੇ ਹੋਣ। ਉਨ੍ਹਾਂ ਵਲੋਂ ਕਿਸੇ ਤਰ੍ਹਾਂ ਦੀ ਭੜਕਾਹਟ ਮਿਲਣ ਦੇ ਬਗੈਰ ਹੀ ਇਕ ਅੰਗਰੇਜ਼ ਨੇ ਇਕ ਅਕਾਲੀ ਨੂੰ ਪਿੱਤਲ ਦੀ ਸਮ ਵਾਲੀ ਡਾਂਗ ਦੀ ਐਨੇ ਜ਼ੋਰ ਦੀ ਹੁਜ ਮਾਰੀ ਕਿ ਇਹ ਉਸ ਦੀ ਹੰਸਲੀ ਦੀ ਹੱਡੀ ਤੇ ਵਜੀ ਅਤੇ ਉਹ ਚੁਫਾਲ ਭੁੰਜੇ ਪਾ ਪਿਆ। ਉਸ ਨੇ ਪਾਸਾ ਪਰਤਿਆ ਅਤੇ ਮੁੜ ਉਠਿਆ ਹੀ ਸੀ ਕਿ ਉਸੇ ਤਰ੍ਹਾਂ ਦਾ ਦੂਜਾ ਵਾਰ ਉਸ ਤੇ ਹੋਇਆ। ਇਸ ਤਰ੍ਹਾਂ ਉਨ੍ਹਾਂ ਚੌਹਵਾਂ ਚੋਂ ਜਿਹੜਾ ਭੀ ਅਗੇ ਵਧਦਾ, ਉਸ ਨੂੰ ਮਾਰ ਮਾਰ ਕੇ ਭੁੰਜੇ ਸੁਟਿਆ ਜਾਂਦਾ। ਇਨ੍ਹਾਂ ਦੇ ਪਿਛੇ ਚਾਰ ਚਾਰ ਦੀਆਂ ਕਤਾਰਾਂ ਵਿਚ ਅਗੇ ਵਧ ਰਹੇ ਸਾਰੇ ਸਿੰਘਾਂ ਪਰ ਵੀ ਇਉਂ ਹੀ ਵਹਿਸ਼ੀਆਨਾ ਵਾਰ ਕੀਤੇ ਗਏ ਤੇ ਉਨ੍ਹਾਂ ਸਭ ਨੂੰ ਭੁੰਜੇ ਪਟਕਾਇਆ ਗਿਆ। ਇਕ ਨਿਢਾਲ ਹੋ ਢਠੇ ਪਏ ਸਿੰਘ ਦੇ ਪੇਟ ਪਰ ਇਕ ਸਿਪਾਹੀ ਨੂੰ, ਕਸ ਕੇ ਠੁਡ ਮਾਰਦਿਆਂ, ਮੈਂ ਵੇਖਿਆ ਤੇ ਮੇਰੀ ਚੀਕ ਨਿਕਲ ਗਈ। ਇਸ ਤੋਂ ਭੀ ਵਧੇਰੇ ਘਿਰਣਾ-ਜਨਕ ਘਟਨਾ ਵਾਪਰੀ ਜਦੋਂ ਇਕ ਪੁਲਸੀਆ ਇਕ ਬੇਸੁਰਤ ਪਏ ਅਕਾਲੀ ਦੀ ਗਰਦਨ ਉਪਰ ਆਪਣੇ ਫ਼ੁਲ-ਬੂਟ ਪਹਿਨੇ ਪੈਰਾਂ ਦਾ ਦਬਾਉ ਦੇ ਕੇ ਉਸ ਦੇ ਉਪਰ ਖੜਾ ਹੋ ਗਿਆ। ਇਹ ਵਰਤਾਉ ਉਨ੍ਹਾਂ ਸ਼ਖਸਾਂ ਨਾਲ ਕੀਤਾ ਗਿਆ ਸੀ ਜੋ ਸਾਰਾ ਸਮਾਂ ਹੀ ਅਰਦਾਸ ਅੰਦਰ ਜੁੜੇ ਰਹੇ ਸਨ, ਕਿਉਂਕਿ ਉਨ੍ਹਾਂ ਸੌਂਹ ਚੁਕੀ ਹੋਈ ਸੀ ਕਿ ਉਹ ਮਨ ਬਚਨ ਤੇ ਕਰਮ ਕਰਕੇ ਖ਼ਾਮੋਸ਼ ਤੇ ਸ਼ਾਂਤ ਰਹਿਣਗੇ। ਇਹ ਸਾਰਾ ਕੁਛ ਮੈਨੂੰ ਹਜ਼ਰਤ ਈਸਾ ਮਸੀਹ ਦੇ ਸੂਲੀ ਚੜ੍ਹਨ ਦੇ ਚਿਤਰ ਦੀ ਧੁੰਧਲੀ ਜਿਹੀ ਚਿਤਾਉਣੀ ਦੇਂਦਾ ਸੀ :

What was happening to them, was truly in some dim way a Crucification.

"ਇਸ ਵਿਚ ਹੋਰ ਵਧੇਰੇ ਹੈਰਾਨੀ ਦੀ ਗੱਲ ਇਹ ਹੈ ਕਿ ਸੌ ਸਿੰਘਾਂ ਦੇ ਜਥੇ ਨਾਲ ਏਨਾ ਵਹਿਸ਼ੀ ਸਲੂਕ ਹੁੰਦੇ ਵੇਖਦੇ ਹੋਏ ਵੀ ਅਗਲੀ ਸਵੇਰ ਨੂੰ ਏਨੇ ਹੀ ਸਿੰਘਾਂ ਦਾ ਹੋਰ ਜਥਾ ਉਹੋ ਹੀ ਸ਼ਾਂਤ ਰਹਿਣ ਦੀ ਸੁਗੰਧ ਖਾ ਕੇ ਅਕਾਲ ਤਖਤ ਸਾਹਿਬ ਤੋਂ ਫਿਰ ਰਵਾਨਾ ਹੋ ਪੈਂਦਾ ਅਤੇ ਅਜਿਹਾ ਸਲੂਕ ਹੀ ਪੁਲਸ ਵਲੋਂ ਉਸ ਨਾਲ ਹੁੰਦਾ। ਪਰ ਅਗਲੀ ਭਲਕ ਫਿਰ ਹੋਰ ਜਥਾ ਤਿਆਰ ਖੜਾ ਹੁੰਦਾ ਅਤੇ ਇਸ ਤਰ੍ਹਾਂ ਲਗਾਤਾਰ ਸਤਾਰ੍ਹਾਂ ਦਿਨ ਇਉਂ


www.AKJ.Org

ਹੀ ਸੌ ਸੌ ਸਿੰਘਾਂ ਦਾ ਜਥਾ ਹਰ ਰੋਜ਼ ਜਾਂਦਾ ਰਿਹਾ।''

ਜਦੋਂ ਪਾਦਰੀ ਸੀ. ਐਫ. ਐਂਡਰਿਊਜ਼ ਨੂੰ ਪੁਛਿਆ ਗਿਆ ਕਿ ਉਸ ਦੇ ਖ਼ਿਆਲ ਵਿਚ ਸਿੰਘਾਂ ਦੀ ਐਸੀ ਕੁਰਬਾਨੀ ਪਿਛੇ ਕੀ ਭੇਦ ਸੀ ਤਾਂ ਉਨ੍ਹਾਂ ਜਵਾਬ ਦਿਤਾ, ''ਮੈਂ ਉਨ੍ਹਾਂ ਦੇ ਧਰਮ ਨੂੰ ਇਸ ਦਾ ਆਧਾਰ ਮੰਨਦਾ ਹਾਂ, ਸ਼ੁਰੂ ਤੋਂ ਅਖ਼ੀਰ ਤਕ ਉਨ੍ਹਾਂ ਦੇ ਅੰਦਰ ਇਕੋ ਹੀ ਖਿਆਲ ਸਮਾਇਆ ਹੋਇਆ ਸੀ, ਓਹ ਸੀ ਉਨ੍ਹਾਂ ਦਾ ਰੱਬ ਉਪਰ ਭਰੋਸਾ। ਮੈਨੂੰ ਪਰਤਖ ਦਿਸਦਾ ਹੈ ਅਤੇ ਮੈਂ ਇਹ ਕਹਿਣ ਵਿਚ ਗ਼ਲਤੀ ਨਹੀਂ ਖਾਂਦਾ ਕਿ ਉਨ੍ਹਾਂ ਵਿਚੋਂ ਹਰ ਸਿੰਘ ਨੂੰ ਇਸ ਗੱਲ ਦਾ ਨਿਸਚਾ ਸੀ ਕਿ ਉਹ ਆਪਣਾ ਆਪ ਵਾਹਿਗੁਰੂ ਪ੍ਰਤੀ ਅਰਪਨ ਕਰ ਰਿਹਾ ਸੀ।''

ਇਸ ਵਿਚ ਕੋਈ ਸ਼ਕ ਨਹੀਂ ਕਿ ਧਰਮ ਤਥਾ ਅਸੂਲ ਦੇ ਨਾਮ ਤੇ ਮਨੁਖ ਓਹ ਕੁਝ ਕਰ ਗੁਜ਼ਰਦਾ ਹੈ ਜੋ ਨਿਜ ਸੁਖ ਜਾਂ ਨਿਜ ਵਡਿਆਈ ਲਈ ਨਹੀਂ ਕਰ ਸਕਦਾ, ਬਸ਼ਰਤੇ ਕਿ ਉਸ ਦਾ ਆਪਣੇ ਧਰਮ ਉਪਰ ਵਿਸ਼ਵਾਸ ਪੱਥਰ ਤੇ ਖੋਦੀ ਲੀਕ ਵਾਂਗ ਦ੍ਰਿੜ੍ਹ ਹੋਵੇ। ਜੇਕਰ ਉਸ ਦੇ ਮਨ ਨੇ ਅਸੂਲ ਦੀ ਸਚਾਈ ਨੂੰ ਏਨਾ ਗ੍ਰਹਿਣ ਕਰ ਲਿਆ ਹੋਇਆ ਹੈ ਕਿ ਉਹ ਕਿਸੇ ਕਾਲ ਉਸ ਤੋਂ ਡੋਲਦਾ ਨਹੀਂ, ਤਾਂ ਉਸ ਦੇ ਸਰੀਰ ਨੂੰ ਪਏ ਕਟੋ ਵਢੋ, ਉਹ ਬਿਨਾਂ ਹਾਇ ਉਫ ਉਸ ਨੂੰ ਸਹਿ ਗੁਜ਼ਰੇਗਾ

''ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥'' (੧੧੬੨)

ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਈਸਵੀ ਦਾ ਸਿਖ ਇਤਿਹਾਸ ਅਜਿਹੇ ਵਾਕਿਅਤ ਨਾਲ ਭਰਪੂਰ ਹੈ, ਜਿਸ ਵਿਚ ਧਰਮ ਦੀ ਦ੍ਰਿੜ੍ਹਤਾ ਪਿਛੇ ਸਾਧਾਰਨ ਮਨੁੱਖਾਂ ਨੇ ਅਜਰ ਮੁਸੀਬਤਾਂ ਜਰ ਲਈਆਂ, ਪਰੰਤੂ ਡੋਲੇ ਨਹੀਂ–ਜੀਉਂਦੇ-ਜੀ ਸਿਰ ਤੋਂ ਪੈਰ ਤਕ ਆਰੇ ਹੇਠ ਚੀਰਿਆ ਜਾਣਾ, ਪਾਣੀ ਦੀ ਉਬਲਦੀ ਦੇਗ ਅੰਦਰ ਆਲੂ ਵਾਂਗ ਉਬਲ ਜਾਣਾ, ਮਿਟੀ ਦਾ ਤੇਲ ਸਰੀਰ ਉਪਰ ਪੁਵਾ ਕੇ ਸੜ ਮਰਨਾ, ਸਰੀਰ ਨੂੰ ਪੋਟਾ ਪੋਟਾ ਕਰਕੇ ਕਟਾ ਲੈਣਾ ਜਾਂ ਜੰਬੂਰ ਨਾਲ ਨੋਚਿਆ ਜਾਣਾ, ਚਰਖੜੀ ਦੀਆਂ ਤਿਖੀਆਂ ਧਾਰਾਂ ਉਪਰ ਚੜ੍ਹ ਕੇ ਤੂੰਬਾ ਤੂੰਬਾ ਹੋ ਜਾਣਾ, ਸਿਰ ਦਾ ਖੋਪਰ ਉਤਰਵਾ ਲੈਣਾ, ਡਾਂਗਾਂ ਦੀ ਬੇਤਹਾਸ਼ਾ ਮਾਰ ਸਾਮ੍ਹਣੇ ਅੱਖ ਤਕ ਨਾ ਫਰਕਣਾ–ਇਸ ਸਾਰੇ ਕੁਛ ਦਾ ਨਿਰਾ ਕਿਆਸ ਕਰ ਸਕਣਾ ਹੀ ਇਤਨਾ ਭਿਆਨਕ ਪਰਤੀਤ ਹੁੰਦਾ ਹੈ, ਪ੍ਰੰਤੂ ਜਿਨ੍ਹਾਂ ਸ਼ੇਰ ਮਰਦਾਂ ਨੇ ਇਹ ਸਭ ਕੁਝ ਖਿੜੇ ਮਥੇ ਸਹਿਆ ਅਤੇ ਜਿਸ ਕਾਰਨ ਸਹਿਆ, ਓਹ ਕਿਤਨਾ ਮਹਾਨ ਹੋਵੇਗਾ ?

ਸਾਡਾ ਇਹ ਕੁਝ ਕਹਿਣ ਅਤੇ ਐਸੇ ਸੂਰਬੀਰਾਂ ਦੀ ਅਡੋਲਤਾ ਨੂੰ ਜਾਚਣ ਦਾ ਭਾਵ ਕੇਵਲ ਇਤਨਾ ਹੀ ਹੈ ਕਿ ਧਰਮ ਦੀ ਦ੍ਰਿੜ੍ਹਤਾ ਐਸੀ ਬੇ ਮਿਸਾਲ ਸਥਿਤੀ ਦਰਸਾਉਂਦੀ ਹੈ ਕਿ ਵੇਖਣਹਾਰਾ ਦੰਗ ਰਹਿ ਜਾਂਦਾ ਹੈ। ਇਹ ਗੱਲ ਸਾਨੂੰ ਪਾਦਰੀ ਐਂਡਰਿਊਜ਼ ਦੇ ਸ਼ਬਦਾਂ ਦੀ ਚਿਤਾਉਣੀ ਦੇਂਦੀ ਹੈ ਕਿ ਮੈਂ ਉਨ੍ਹਾਂ ਦੇ ਧਰਮ ਨੂੰ ਇਸ ਦਾ ਅਧਾਰ ਮਨਦਾ ਹਾਂ।

ਮਨੁਖ ਦਾ ਧਰਮ-ਵਿਸ਼ਵਾਸ ਹੀ ਐਸੀ ਚੀਜ਼ ਹੈ ਜੋ ਉਸ ਦੇ ਮਨ ਨੂੰ ਡੋਲਣ ਡਿਗਣ ਤੋਂ ਬਚਾਉਂਦੀ ਹੈ। ਸਿਖ ਦਾ ਧਰਮ ਉਪਰ ਏਨਾ ਦ੍ਰਿੜ੍ਹ ਵਿਸ਼ਵਾਸ ਹੋਣ ਦੇ ਵਿਸ਼ੇਸ਼ ਕਾਰਨ ਹਨ।

ਸਿਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਵਲੋਂ ਸਿਖ ਨੂੰ ਜਨਮ-ਗੁੜ੍ਹਤੀ ਹੀ ਇਹ ਦਿਤੀ ਗਈ ਹੋਈ ਹੈ ਕਿ– ''ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (੧੪੧੨)

ਅਰਥਾਤ ਇਸ ਰਸਤੇ ਉਪਰ ਪੈਰ ਧਰਨ ਲਗੇ ਹੋ ਤਾਂ ਪਹਿਲੋਂ ਇਹ ਦ੍ਰਿੜ੍ਹ ਕਰ ਲਵੋ ਕਿ ਏਥੇ ਸਿਰ ਦੇਣਾ ਪੈਣਾ ਹੈ, ਇਸ ਵਿਚ ਕੋਈ ਹੀਲ ਹੁੱਜਤ ਨਹੀਂ ਹੋ ਸਕਦੀ। ਸਿਖੀ ਗ੍ਰਹਿਣ ਕਰਨ ਲਈ ਮਨੁਖ ਨੂੰ ਕੋਈ ਸਬਜ਼ ਬਾਗ ਨਹੀਂ ਵਿਖਾਏ ਗਏ। ਗੁਰੂ ਗੋਬਿੰਦ ਸਿੰਘ ਨੇ ਪਹਿਲੋਂ ਸਿਰ ਦੀ ਭੇਟਾ ਮੰਗੀ ਸੀ ਅਤੇ ਹਜ਼ਾਰਾਂ ਮਨੁੱਖਾਂ ਵਿਚੋਂ ਕੇਵਲ ਉਹੋ ਪੰਜ ਪ੍ਰਵਾਨ ਚੜ੍ਹੇ ਸਨ ਜਿਨ੍ਹਾਂ ਗੁਰੂ ਦੀ ਤਲਵਾਰ ਹੇਠ ਸਿਰ ਝੁਕਾ ਦਿਤਾ ਸੀ। ਗੁਰੂ ਜੀ ਪਾਸੋਂ ਅੰਮ੍ਰਿਤ ਦੀ ਦਾਤਿ ਵੀ ਓਹੋ ਪ੍ਰਾਪਤ ਕਰ ਸਕੇ ਸਨ ਜਿਨ੍ਹਾਂ ਪਹਿਲੋਂ ਆਪਣੇ ਸਿਰ ਅਰਪਨ ਕੀਤੇ ਸਨ। ["ਖਾਲਸਾ ਸਮਾਚਾਰ" ੨,੭,੮੧

www.AKJ.Org

# ਸਿੱਖ ਕੌਮ, ਜਾਗ !

[ਵਲੋਂ--ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ, ਗੁੜਗਾਉਂ]

ਅਜ ਸ਼ਹਿਰਾਂ, ਨਗਰਾਂ, ਕਸਬਿਆਂ ਤੋਂ ਅੱਗੇ ਲੰਘਦਾ ਹੋਇਆ ਅਖੌਤੀ ਗੁਰੂਆਂ ਅਨਮਤੀਆਂ ਦਾ ਪ੍ਰਚਾਰ ਪਿੰਡਾਂ ਵਿਚ ਜ਼ਿਆਦਾ ਵਧ ਰਿਹਾ ਹੈ। ਥਾਂ ਥਾਂ ਤੇ ਉਹ ਆਪਣੇ ਭਵਨ ਬਣਾ ਕੇ ਭੋਲੇ ਭਾਲੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਰਹੇ ਹਨ। ਤੇ ਉਨ੍ਹਾਂ ਦੀਆਂ ਸ਼ਾਨਦਾਰ ਬਿਲਡਿੰਗਾਂ ਵਿਚ ਮਾਸਕ, ਸਪਤਾਹਕ ਅਤੇ ਰੋਜ਼ਾਨਾ ਸਤਸੰਗ ਹੁੰਦੇ ਹਨ। 'ਜਗਤ ਕੀ ਭੇਡਾਚਾਲ ਚਲਤੇ ਕੇ ਪਾਛੇ ਚਲੇ' ਅਨੁਸਾਰ ਉਥੇ ਲੋਕਾਂ ਦੀਆਂ ਭੀੜਾਂ ਲਗੀਆਂ ਦਿਸਦੀਆਂ ਹਨ। ਹੋਣ ਹੀ ਕਿਉਂ ਨਾ ? ਅਜ ਪ੍ਰਾਪੇਗੰਡੇ ਦਾ ਯੁਗ ਹੈ। ਜਿਸ ਸੰਸਥਾ ਦਾ ਜਿਤਨਾ ਜ਼ਿਆਦਾਂ ਪ੍ਰਾਪੇਗੰਡਾ ਹੋਵੇਗਾ ਉਤਨੀ ਹੀ ਉਸ ਦੀ ਜੈਜਕਾਰ।

ਅਜ ਗੁਰਮਤਿ ਦਾ ਪਰਚਾਰ ਦਿਖਾਵੇ ਮਾਤਰ ਭਾਵੇਂ ਬਹੁਤ ਹੋ ਰਿਹਾ ਹੈ ਪਰ ਸਫਲਤਾ ਦੇ ਪੱਖ ਤੋਂ ਬਹੁਤ ਊਣਾ ਹੈ, ਕਿਉਂਕਿ ਸਾਡੀਆਂ ਮੁਖੀ ਸੰਸਥਾਵਾਂ ਵਲੋਂ ਨਿਯੁਕਤ ਕੀਤੇ ਬਹੁਤੇ ਪਰਚਾਰਕ ਆਪਣੇ ਵਿਚਾਰਾਂ ਨੂੰ ਗੁਜ਼ਾਰੇ ਮਾਤਰ ਇਤਿਹਾਸ ਸੁਣਾ ਕੇ ਪਾਰਟੀ-ਪ੍ਰਾਪੇਗੰਡੇ ਤਕ ਹੀ ਸੀਮਿਤ ਰਖਦੇ ਹਨ। ਉਹ ਗੁਰਬਾਣੀ (ਸ਼ਬਦ ਗੁਰੂ) ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਜਗਤ-ਗੁਰੂ ਹੋਣ ਦਾ ਪ੍ਰਚਾਰ ਘਟ ਹੀ ਕਰਦੇ ਹਨ, ਕੇਵਲ ਟੂਕ-ਮਾਤਰ ਇਸ਼ਾਰਾ ਦੇ ਕੇ ਅੱਗੇ ਟੁਰ ਜਾਂਦੇ ਹਨ।

ਉਦਮ ਤੇ ਉਪਰਾਲੇ ਨਾਲ ਦਰਿਆਵਾਂ ਦੇ ਵਹਾਉ ਵੀ ਬਦਲੇ ਜਾ ਸਕਦੇ ਹਨ। ਮਨੁੱਖੀ ਮਨ ਦੇ ਕਾਂਟੇ ਨੂੰ ਬਦਲਣਾ ਔਖਾ ਨਹੀਂ, ਪਰ ਬਦਲ ਉਹੀ ਸਕਦਾ ਹੈ ਜੋ ਅਮਲੀ ਜੀਵਨ ਵਾਲਾ ਹੋਵੇ। ਉਚ-ਵੀਚਾਰੀ ਸ੍ਰੇਸ਼ਟਾਚਾਰੀ ਪਰਚਾਰਕ ਸਭ ਕੁਝ ਕਰ ਸਕਦਾ ਹੈ।

"ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥" (੩੮੧)

**ਕੌਮ ਨੂੰ ਅਪੀਲ–**

ਐ ਗ਼ਫਲਤ ਦੀ ਨੀਂਦ ਵਿਚ ਸੁੱਤੀ ਘੁਰਾੜੇ ਮਾਰਦੀ ਕੌਮ ! ਤੇਰੇ ਹੀ ਖਜ਼ਾਨੇ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ) ਨੂੰ ਵਰਤੋਂ ਵਿਚ ਲਿਆ ਕੇ ਅਨਮਤੀਆਂ ਦੇ ਰੰਗੀਨ ਮਹਿਲ ਉਸਰ ਰਹੇ ਹਨ ਤੇ ਉਹ ਇਨ੍ਹਾਂ ਮਹਿਲਾਂ ਵਿਚ ਬੈਠ ਬੈਠ ਕੇ ਰੰਗ-ਰਲੀਆਂ ਮਨਾ ਰਹੇ ਹਨ ਅਤੇ ਤੇਰੀ ਖਿੜੀ ਫੁਲਵਾੜੀ ਵਿਚੋਂ ਫੁੱਲ ਤੋੜ ਤੋੜ ਕੇ ਆਪਣੇ ਫੂਲਦਾਨ ਸਜਾ ਰਹੇ ਹਨ। ਸੰਭਲ ! ਅਤੇ ਆਪਣੇ ਕੀਮਤੀ ਵਿਰਸੇ ਨੂੰ ਸੰਭਾਲ।

ਲੋੜ ਹੈ ਕਿ ਸੱਚੇ ਸੁੱਚੇ ਜੀਵਨ ਵਾਲੇ ਗੁਰਸਿਖ ਪਰਚਾਰਕਾਂ ਰਾਹੀਂ ਪਿੰਡ ਪਿੰਡ ਵਿਚ ਅੰਮ੍ਰਿਤ ਵੇਲੇ ਦੀ ਸੰਭਾਲ ਦੀ ਸੋਝੀ ਕਰਾਈ ਜਾਵੇ। ਨਿਤ ਅੰਮ੍ਰਿਤ ਵੇਲੇ ਦੇ ਸਿਮਰਨ, ਨਿਤਨੇਮ ਅਤੇ ਗੁਰਬਾਣੀ ਵਿਚ ਜੁੜਨ ਦੀ ਸੋਝੀ ਸਿਖ ਸੰਗਤਾਂ ਵਿਚ ਕਰਾਈ ਜਾਵੇ। ਇਸ ਤੇ ਅਮਲ ਕਰਨਾ ਜਾਰੀ ਹੋ ਜਾਵੇ ਤਾਂ ਆਪਣੇ ਆਪ ਹੀ ਸਿਖ ਦਾ ਜੀਵਨ ਉਚੇ ਗੁਣਾਂ ਵਾਲਾ ਹੋ ਨਿਬੜੇਗਾ। ਕੇਵਲ ਇਸ ਤਰ੍ਹਾਂ ਹੀ ਕੌਮ ਦੀ ਚੜ੍ਹਦੀ ਕਲਾ ਹੋ ਸਕਦੀ ਹੈ। ਨਾਲ ਹੀ ਲੋੜ ਹੈ ਕਿ ਸਿਖ ਇਤਿਹਾਸ ਅਤੇ ਸਿਖ ਧਰਮ ਬਾਰੇ ਟ੍ਰੈਕਟ ਅਤੇ ਕਿਤਾਬਾਂ ਸੋਧ-ਸੰਵਾਰ ਕੇ ਸੁੰਦਰ ਰੂਪ ਵਿਚ ਤਿਆਰ ਕਰਵਾਈਆਂ ਜਾਣ ਅਤੇ ਪਿੰਡਾਂ ਕਸਬਿਆਂ ਸ਼ਹਿਰਾਂ ਵਿਚ ਥਾਂ-ਪਰ-ਥਾਂ ਸਿਖ ਸੰਗਤਾਂ ਪਾਸ ਅਵਲ ਤਾਂ ਭੇਟਾ-ਰਹਿਤ,ਨਹੀਂ ਤਾਂ ਘਟ ਤੋਂ ਘਟ ਕੀਮਤ ਤੇ ਪਹੁੰਚਾਈਆਂ ਜਾਣ। ਇਸੇ ਤਰ੍ਹਾਂ ਨਿਤਨੇਮ ਦੀਆਂ ਬਾਣੀਆਂ ਦੇ ਟੀਕੇ ਸੌਖੀ, ਸਰਲ ਤੇ ਛੇਤੀ ਸਮਝ ਆ ਜਾਣ ਵਾਲੀ ਬੋਲੀ ਵਿਚ ਛਪਵਾ ਕੇ ਘਰ ਘਰ ਪਹੁੰਚਾਏ ਜਾਣ, ਤਾਕਿ ਸਿਖ ਸੰਗਤਾਂ ਅਤੇ ਸਾਡੇ ਨੌਜਵਾਨ ਗੁਰਬਾਣੀ ਵਲ ਪ੍ਰੇਰੇ ਜਾ ਸਕਣ।

---

## ਮਾਸਕ ਰੈਣ ਸਬਾਈ ਕੀਰਤਨ ਸਮਰਾਲਾ ਮੰਡੀ

ਮਾ: ਉਜਾਗਰ ਸਿੰਘ ਜੀ ਖਾਲਸਾ, ਫਰਵਾਲੀ (ਸੰਗਰੂਰ) ਇਤਲਾਹ ਦੇਂਦੇ ਹਨ ਕਿ ੮ ਅਗਸਤ ਸ਼ਨੀਵਾਰ ਦੀ ਰਾਤ ਨੂੰ ਗੁਰਦਵਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਸਮਰਾਲਾ ਮੰਡੀ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ। ਗੁਰਦਵਾਰਾ ਸਾਹਿਬ ਬਸ-ਅਡੇ ਦੇ ਨਾਲ ਹੀ ਹੈ। ਦਾਸਰੇ—ਨਿਰਬਾਣ ਕੀਰਤਨੀ ਜਥਾ, ਸਮਰਾਲਾ (ਲੁਧਿਆਣਾ)

www.AKJ.Org

# ਮਿੱਠੀਆਂ ਯਾਦਾਂ

[ਵਲੋਂ'—ਡਾਕਟਰ ਪ੍ਰਗਟ ਸਿੰਘ ਜੀ, ਨਵੀਂ ਦਿਲੀ]

ਆਪਣੀ ਡਾਕਟਰੀ ਪ੍ਰੈਕਟਿਸ ਦੇ ਕਾਰਨ ਦਾਸਰਾ ੧੯੧੭ ਵਿਚ ਰਾਵਲਪਿੰਡੀ (ਪਾਕਿਸਤਾਨ) ਪੁਜਾ। ਡਾਕਟਰ ਗੁਰਬਖਸ਼ ਸਿੰਘ, ਜਿਨ੍ਹਾਂ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਥੇਦਾਰੀ ਵਿਚ, ਉਨ੍ਹਾਂ ਦੇ ਜੇਲਯਾਤ੍ਰਾ ਤੋਂ ਪਹਿਲੇ, ਅੰਮ੍ਰਿਤ ਛਕਣ ਦਾ ਲਾਹਾ ਲਿਆ ਸੀ, ਰਾਵਲਪਿੰਡੀ ਸਰਕਾਰੀ ਨੌਕਰੀ ਵਿਚ ਸਨ। ਉਨ੍ਹਾਂ ਦੇ ਉਦਮ ਕਰ ਕੇ ਭਾਈ ਸਾਹਿਬ ਦੇ ਸਤਸੰਗੀ, ਜਿਨ੍ਹਾਂ ਵਿਚੋਂ ਸ੍ਰੀ ਮਾਨ ਬਾਬੂ ਮਲ ਸਿੰਘ ਜੀ ਨੂੰ ਸੰਗਤਾਂ ਚੰਗੀ ਤਰ੍ਹਾਂ ਜਾਣਦੀਆਂ ਹਨ, ਆਪਣੇ ਸਾਥੀ ਸਤਸੰਗੀਆਂ ਸਮੇਤ ਸਕੂਲਾਂ-ਕਾਲਜਾਂ ਦੀਆਂ ਗਰਮੀਆਂ ਦੀਆਂ ਛੁਟੀਆਂ ਵਿਚ ਰਾਵਲਪਿੰਡੀ ਦਰਸ਼ਨ ਦੇਣ ਲਗੇ। ਹਰ ਸਾਲ ਅੰਮ੍ਰਿਤ-ਸਿੰਚਾਰ ਚੜ੍ਹਦੀਆਂ ਕਲਾ ਵਿਚ ਹੋਣ ਲਗੇ। ਬਹੁਤ ਸਾਰੇ ਵਿਅਕਤੀਆਂ ਨੇ ਚੰਗੇ ਭਾਗਾਂ ਕਰਕੇ ਇਸ ਤੋਂ ਲਾਹਾ ਪ੍ਰਾਪਤ ਕੀਤਾ।

ਪਹਿਲੇ ਗੁਰਮੁਖ, ਜਿਨ੍ਹਾਂ ਨੂੰ ਨੇੜਿਓਂ ਦੇਖਣ ਦੇ ਅਵਸਰ ਮਿਲੇ ਸਨ, ਸੂਬੇਦਾਰ ਮੇਜਰ ਹਰਬਚਨ ਸਿੰਘ ਜੀ ਸਨ। ਇਨ੍ਹਾਂ ਨੂੰ ਲਾਡ ਨਾਲ ਸ੍ਰੀ ਭਾਈ ਸਾਹਿਬ "ਦੂਲੇਸ਼ਵਰ ਜੀ" ਬੁਲਾਂਦੇ ਸਨ। ੧੯੩੦ ਵਿਚ ਸ੍ਰੀ ਬਾਬੂ ਜੀ ਨਾਲ ਮੇਲੇ ਹੋਏ ਤੇ ਉਨ੍ਹਾਂ ਦਾ ਨਿਘਾ ਪਿਆਰ ਤੋੜ ਤਕ ਨਿਭਿਆ। ੧੯੩੧ ਵਿਚ ਸਾਰੇ ਪ੍ਰਵਾਰ ਨੇ ਅੰਮ੍ਰਿਤ ਪਾਨ ਕੀਤਾ। ਉਸੀ ਸਾਲ ਸ੍ਰੀ ਭਾਈ ਸਾਹਿਬ ਦੇ ਦਰਸ਼ਨ ਨਾਰੰਗਵਾਲ ਹੋਏ। ਮਿਲਾਉਣ ਵਾਲੇ ਸ੍ਰੀ ਬਾਬੂ ਜੀ ਤੇ ਦੂਲੇਸ਼ਵਰ ਜੀ ਸਨ। ੧੯੪੧ ਵਿਚ ਸਤਿਗੁਰੂ ਜੀ ਨੇ ਫੌਜੀ ਨੌਕਰੀ ਬਖਸ਼ਸ਼ ਕੀਤੀ। ਪ੍ਰਦੇਸਾਂ ਦਾ ਚਕਰ ਲਾ ਕੇ ਮੇਰਠ ਛਾਉਣੀ ਆ ਲਗਾ। ਪਹਿਲਾਂ ਹੀ ਪ੍ਰਕਾਸ਼ ਉਤਸ਼ਵ ਕਲਗੀਆਂ ਵਾਲੇ ਦਾ ਨਾਰੰਗਵਾਲ ਮਨਾਉਣ ਦਾ ਸਤਿਗੁਰੂ ਜੀ ਨੇ ਉਦਮ ਬਖਸ਼ਿਆ। ਛੁਟੀ ਦਸ ਦਿਨ ਦੀ ਬੜੀ ਮੁਸ਼ਕਲ ਨਾਲ ਮਿਲੀ। ਪ੍ਰੋਗਰਾਮ ਨਾਰੰਗਵਾਲ ਤੋਂ ਹੋ ਕੇ ਦਿਲੀ ਕੁਝ ਦਿਨ ਰਹਿਣ ਦਾ ਸੀ। ਸਾਰਾ ਪ੍ਰਵਾਰ ਗੁਰਪੁਰਬ ਤੋਂ ਪਹਿਲਾਂ ਨਾਰੰਗਵਾਲ ਹਾਜ਼ਰ ਹੋਇਆ। ਜੋ ਬਖਸ਼ਸ਼ਾਂ ਅਰ ਪ੍ਰੇਮ ਸ੍ਰੀ ਭਾਈ ਸਾਹਿਬ ਜੀ ਕਰਦੇ ਸਨ, ਸੰਗਤਾਂ ਭਲੀ ਭਾਂਤ ਜਾਣਦੀਆਂ ਹਨ। ਸੰਗਤਾਂ ਨੂੰ ਦੇਖ ਕੇ ਆਪ ਜੀ ਕੈਸੇ ਖਿੜਦੇ ਸਨ! ਗੁਰਪੁਰਬ ਜਿਸ ਚਾਅ ਤੇ ਉਤਸ਼ਾਹ ਨਾਲ ਨਾਰੰਗਵਾਲ ਮਨਾਏ ਜਾਂਦੇ ਸਨ, ਕਿਸੇ ਪਾਸੋਂ ਗੁਝੇ ਛਿਪੇ ਨਹੀਂ। ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪੈਣੇ ਤੇ ਕੀਰਤਨ ਅਖਾੜੇ ਸਜਣੇ। ਕਿਤਨਾ ਰਸ ਬਖਸ਼ਦੇ ਸਨ! ਕੀਰਤਨ ਦੀ ਸਮਾਪਤੀ ੪ ਬਜੇ ਸ਼ਾਮ ਦੇ ਹੋਈ। ਸੰਗਤਾਂ ਨੇ ਰਜ ਰਜ ਕੇ ਨਾਮ ਬਾਣੀ ਦੇ ਗਫੇ ਲਾਏ। ਰੈਣ ਸਬਾਈ ੭ ਬਜੇ ਸ਼ੁਰੂ ਹੋ ਗਈ। ਭੋਗ ਦਾ ਕੌਣ ਕਹਿ ਸਕੇ, ਕਿਸ ਵੇਲੇ ਪਵੇਗਾ। ਸਵੇਰੇ ਦਾਸਾਂ ਨੇ ਸਾਮਾਨ ਗਡੇ ਤੇ ਲਦਾ ਕੇ ਸਟੇਸ਼ਨ ਵਲ ਭੇਜਿਆ। ਜਦ ਗਡਾ ਭਾਈ ਸਾਹਿਬ ਦੇ ਬੁੰਗੇ ਨੇੜਿਓਂ ਲੰਘ ਰਿਹਾ ਸੀ, ਬੁੰਗੇ ਦੀ ਖਿੜਕੀ ਤੋਂ ਗਰਜਵੀਂ ਅਵਾਜ਼ ਆਈ—

"ਇਹ ਕਿਸ ਦਾ ਸਾਮਾਨ ਜਾ ਰਿਹਾ ਹੈ ?" ਗਡੇ ਵਾਲੇ ਨੇ ਸਰਦਾ ਬਣਦਾ ਉਤਰ ਦਿਤਾ।

ਦੂਜੀ ਅਵਾਜ਼ ਸੀ—"ਪਿੰਡ ਵਿਚੋਂ ਬਗੈਰ ਪੁਛੇ ਦੇ ਗਡਾ ਜਾ ਸਕਦਾ ਹੈ ? ਜਾਓ, ਵਾਪਸ ਲੈ ਜਾਓ।"

ਇਹੋ ਜਿਹੀ ਬਖਸ਼ਸ਼ ਤੇ ਨਿਘਾ ਪਿਆਰ ਲੈ ਕੇ ਕੌਣ ਤੁਰਨ ਦੀ ਹਿੰਮਤ ਕਰ ਸਕੇ ?

ਰੈਣ ਸਬਾਈ ਭੋਗ ਦੁਪਹਿਰ ਪਿਛੋਂ ਪਿਆ। ਦਰਸ਼ਨ ਹੋਏ। ਬੜੇ ਖੇੜੇ ਵਿਚ ਆਏ। ਪੱਕਾ ਯਾਦ ਨਹੀਂ, ਪਰ ਖਿਆਲ ਹੈ, ਦਸ ਦਿਨ ਛੁਟੀ ਨਾਰੰਗਵਾਲ ਹੀ ਬਿਤਾਈ। ਕਦੇ ਇਹ ਭਾਸਦਾ ਨਹੀਂ ਸੀ, ਕਿਥੇ ਜੰਮੇ ਪਲੇ ਤੇ ਕਿਸ ਤਰ੍ਹਾਂ ਸਤਿਗੁਰੂ ਜੀ ਨੇ ਇਹ ਸਤਸੰਗ ਦੇ ਅਖਾੜੇ ਬਖਸ਼ੇ! ਲੂੰ ਲੂੰ ਸਤਿਗੁਰੂ ਜੀ ਦਾ ਸ਼ੁਕਰ! ਇਤਨਾ ਪਿਆਰ! ਇਤਨੀਆਂ ਖੇਚਲਾਂ! ਇਤਨੀਆਂ ਖੁਸ਼ੀਆਂ! ਸਾਡੇ ਜਿਹਿਆਂ ਪਾਸੋਂ ਉਨ੍ਹਾਂ ਲੈਣਾ ਹੀ ਕੀ ਸੀ! ਇਹ ਕਲਗੀਆਂ ਵਾਲਾ ਹੀ ਜਾਣੇ, ਜਾਂ ਉਸ ਦੇ ਲਾਡਲੇ। ਧੰਨ ਕਲਗੀਆਂ ਵਾਲਾ! ਧੰਨ ਉਸਦੇ ਲਾਡਲੇ!!



www.AKJ.Org

# ਅੰਮ੍ਰਿਤਧਾਰੀ

[ਸ੍ਰੀ ਰਣਜੀਤ ਸਿੰਘ ਰਾਏ, ਯੂ. ਕੇ.]

ਕਵੀ ਨੇ ਇਸ ਕਵਿਤਾ ਵਿਚ ਹੇਠ ਲਿਖੀਆਂ ਸਿੱਖੀ ਸਿਦਕ ਨਿਭਾਉਣ ਵਾਲੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ–

(੧) ਭਾਈ ਮਨੀ ਸਿੰਘ ਜੀ ਨੇ ਬੰਦ ਬੰਦ ਕਟਵਾ ਲਏ, ਪਰ ਗੁਰਸਿਖੀ ਕੇਸਾਂ ਸੁਆਸਾਂ ਨਾਲ ਤੋੜ ਨਿਭਾਈ।

(੨) ਭਾਈ ਮਤੀ ਦਾਸ ਜੀ ਆਰੇ ਨਾਲ ਚੀਰੇ ਗਏ, ਪਰ ਸਿੱਖੀ ਸਿਦਕ ਤੋਂ ਰਤਾ ਵੀ ਨਾ ਡੋਲੇ।

(੩) ਭਾਈ ਤਾਰੂ ਸਿੰਘ ਜੀ ਨੇ ਕੇਸਾਂ ਦੀ ਬੇਅਦਬੀ ਹੋਣ ਨਾ ਦਿਤੀ ਭਾਵੇਂ ਤਿਖੀ ਰੰਬੀ ਨਾਲ ਸਿਰ ਦੀ ਖੋਪਰੀ ਲੁਹਾ ਕੇ ਸ਼ਹੀਦੀ ਪ੍ਰਾਪਤ ਕਰ ਗਏ।

(੪) ਭਾਈ ਦਿਆਲਾ ਜੀ ਉਬਲਦੀ ਦੇਗ ਵਿਚ ਉਬਲ ਗਏ, ਪਰ ਸਿੱਖੀ ਸਿਦਕ ਨਿਭਾਉਣ ਵਿਚ ਰਤਾ ਭਰ ਪਿਛੇ ਨਾ ਹਟੇ।

(੫) ਭਾਈ ਦਲੀਪ ਸਿੰਘ ਜੀ ਤੇ ਹੋਰ ਅਨੇਕਾਂ ਸਿੰਘ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਵਿਚ ਭਖਦੀਆਂ ਭਠੀਆਂ ਵਿਚ ਕੀਮਾ ਕੀਮਾ ਕਰ ਕੇ ਸਾੜੇ ਗਏ, ਪਰ ਸਿਖੀ ਸਿਦਕ ਕੇਸਾਂ ਸੁਆਸਾਂ ਨਾਲ ਤੋੜ ਨਿਭਾਇਆਂ।

(੬) ਜੈਤੋ ਦੇ ਮੋਰਚੇ ਵਿਚ ਸੈਂਕੜੇ ਸਿੰਘ ਬੀੜੀਆਂ ਹੋਈਆਂ ਤੋਪਾਂ ਦੇ ਸਾਹਮਣੇ ਅਗੇ ਵਧਦੇ ਗਏ ਅਤੇ ਗੋਲੀਆਂ ਨਾਲ ਛਾਨਣੀ ਛਾਨਣੀ ਹੋ ਕੇ ਸ਼ਹੀਦੀਆਂ ਪਾ ਗਏ, ਪਰ ਗੁਰਸਿਖੀ ਨੂੰ ਪਿਠ ਨਾ ਵਿਖਾਈ।

(੭) ਬਾਬਾ ਦੀਪ ਸਿੰਘ ਜੀ ਬਾਰੇ ਸਾਰੇ ਜਾਣਦੇ ਹਨ ਕਿ ਉਹ ਜ਼ਾਲਮਾਂ ਨਾਲ ਯੁਧ ਕਰਦੇ ਹੋਏ ਸੀਸ ਕਟਾ ਕੇ ਵੀ ਕਿੰਨੀ ਦੂਰੀ ਤਕ ਲੜਦੇ ਤੁਰੇ ਗਏ ਅਤੇ ਜ਼ੁਲਮ ਦਾ ਨਾਸ ਕਰਨ ਲਈ ਸਿੱਖੀ ਦੀ ਪੈਜ ਰਖ ਵਿਖਾਈ।

(੮) ਅੱਗ ਵਾਂਗ ਭਖਦੀਆਂ ਸੁਲਾਖਾਂ ਨਾਲ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਮਾਸ ਨੋਚ ਨੋਚ ਕੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ, ਪਰ ਉਨ੍ਹਾਂ ਸਿੱਖੀ ਸਿਦਕ ਨਿਭਾਂਦਿਆਂ ਸੀ ਤਕ ਨਾ ਕੀਤੀ।

ਇਸੇ ਤਰ੍ਹਾਂ ਹੋਰ ਕਈ ਘਟਨਾਵਾਂ ਵਲ ਇਸ਼ਾਰੇ ਮਿਲਦੇ ਹਨ। ਅਜਿਹੇ ਬਿਕਰਾਲ ਤਸੀਹੇ ਕੋਈ ਵੀ ਸੰਸਾਰਕ ਬ੍ਰਿਤੀ ਵਾਲਾ ਮਨੁਖ ਕਦਾਚਿਤ ਨਹੀਂ ਸਹਾਰ ਸਕਦਾ, ਪਰ ਸਿਖ ਇਤਿਹਾਸ ਦੇ ਪੰਨੇ ਇਨ੍ਹਾਂ ਭਿਆਨਕ ਤੇ ਵਹਿਸ਼ੀਆਨਾ ਤਸੀਹਿਆਂ ਨੂੰ ਸਹਿਨਸ਼ੀਲਤਾ ਨਾਲ ਸਹੇ ਜਾਣ ਨਾਲ ਭਰੇ ਪਏ ਹਨ। ਇਸ ਗੰਭੀਰਤਾ ਤੇ ਸਹਿਨਸ਼ੀਲਤਾ ਦਾ ਮੁਖ ਕਾਰਨ ਇਹ ਹੈ ਕਿ ਅਜਿਹੀਆਂ ਪਾਕ ਰੂਹਾਂ ਗੁਰਮਤਿ ਰਹਿਤ-ਰਹਿਣੀ ਵਿਚ ਪਰਪੱਕ, ਨਾਮ ਜਪ ਜਪ ਕੇ ਅਜਿਹੀਆਂ ਰਸ-ਲੀਨ ਤੇ ਦੇਹੋਂ ਬਦੇਹ ਹੋ ਜਾਂਦੀਆਂ ਕਿ ਉਨ੍ਹਾਂ ਨੂੰ ਦੇਹ ਅਧਿਆਸ ਹੀ ਨਾ ਰਹਿੰਦਾ।

ਇਨ੍ਹਾਂ ਘਟਨਾਵਾਂ ਨੂੰ ਪੜ੍ਹ ਕੇ ਸਿੰਘ ਦਾ ਖ਼ੂਨ ਉਬਲ ਪੈਂਦਾ ਹੈ ਅਤੇ ਗੁਰਸਿਖੀ ਸਿਦਕ ਨੂੰ ਨਿਭਾਉਣ ਖ਼ਾਤਰ ਉਹ ਤਤਪਰ ਹੋ ਜਾਂਦਾ ਹੈ।

ਕੀ ਮਾਨ ਯੋਗ ਲੇਖਕ ਜੀ ਆਪ ਵੀ ਗੁਰਸਿਖੀ ਸਰੂਪ ਧਾਰਨ ਕਰ ਕੇ ਤੇ ਗੁਰ-ਦੀਖਿਅਤ ਹੋ ਕੇ, ਸਤਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ੍ਗੇ !

[ਸੰਪਾਦਕ

ਦੁਨੀਆ ਆਖੇ ਅਮਰ ਹੋਂਵਦਾ, ਜੱਗ ਤੇ ਅੰਮ੍ਰਿਤਧਾਰੀ,
**ਆ**ਪਣੇ ਨਿੱਜ ਨੂੰ ਛਡ ਕੇ ਬਣਦਾ, ਸੱਚਾ ਪਰ-ਪਰਉਕਾਰੀ।

ਅੰਮ੍ਰਿਤ ਦਾ ਪਰਤਾਪ ਹੈ ਇਹੋ, ਚਿੜੀਓਂ ਬਾਜ ਤੁੜਾਵੇ,
ਦੇਸ਼ ਧਰਮ ਤੇ ਕੌਮ ਦੀ ਖ਼ਾਤਰ, ਦਾਅ ਤੇ ਸਭ ਕੁਝ ਲਾਵੇ।



www.AKJ.Org

ਮਜ਼ਲੂਮਾਂ ਤੇ ਜ਼ੁਲਮ ਹੋਂਵਦਾ, ਉਸ ਨੂੰ ਜ਼ਰਾ ਨਾ ਭਾਂਦਾ,
ਜਾਬਰਾਂ ਨਾਲ ਲੜਾਈ ਕਰਦਾ, ਉੱਕਾ ਨਾ ਘਬਰਾਂਦਾ।

ਅੰਮ੍ਰਿਤ ਦਿਆਂ ਅਸੂਲਾਂ ਤਾਈਂ, ਸਦਾ ਹੀ ਤੋੜ ਨਿਭਾਵੇ,
ਹਾਰ ਦੇ ਅਗੇ ਹਾਰ ਨ ਮੰਨੇ, ਬੰਦੋ ਬੰਦ ਕਟਵਾਵੇ।

ਜੀਂਦੇ-ਜੀ ਹੀ ਸਿਰ ਦੇ ਉਤੇ, ਭਾਵੇਂ ਚਲਣ ਆਰੇ,
ਪਰ ਉਹ ਸਿਰੜੀ ਸਿਦਕੀ ਸੂਰਾ, ਸੀ ਨਾ ਮੂੰਹੋ ਉਚਾਰੇ।

ਤੇਜ਼ ਰੰਬੀਆਂ ਨਾਲ ਸਗੋਂ ਉਹ, ਖੋਪਰ ਹੱਸ ਲੁਹਾਂਦਾ,
ਉਬਲ ਰਹੀਆਂ ਦੇਗਾਂ ਅੰਦਰ, ਬੈਠ ਉਬਾਲੇ ਖਾਂਦਾ।

ਭੱਠੀਆਂ ਦੇ ਵਿਚ ਲਕੜਾਂ ਵਾਂਗੂ, ਸਿਦਕੀ ਸਾੜਿਆ ਜਾਵੇ,
ਕੀਮਾ ਕੀਮਾ ਮਾਸ ਆਪਣੇ ਦਾ, ਭਾਣੇ ਵਿਚ ਕਰਵਾਵੇ।

ਤੋਪਾਂ ਅਗੇ ਡਟ ਕੇ ਖੜਦਾ, ਗੋਲੀਆਂ ਤਨ ਤੇ ਜਰਦਾ,
ਸੀਸ ਕਟਾ ਕੇ ਵੀ ਨਾ ਸੂਰਾ, ਲੋਕੀ ਜਾਨਣ ਮਰਦਾ।

ਤੱਤੇ ਤੇਲ ਦੇ ਅੰਦਰ ਸੜਦਾ, ਤਵੀਆਂ ਤੇ ਬਹਿ ਜਾਏ,
ਗਰਮ ਸੁਲਾਖਾਂ ਨਾਲ ਆਪਣਾ, ਮਾਸ ਪਿਆ ਨੁਚਵਾਏ।

ਕਦੇ ਤਸੀਹੇ ਸਹਿੰਦਾ ਉੱਕਾ, ਮੂੰਹੋਂ ਸੀ ਨਾ ਬੋਲੇ,
ਭਾਣਾ ਮਿੱਠਾ ਕਰ ਕੇ ਮੰਨੇ, ਰਾਹੋਂ ਨਾ ਉਹ ਡੋਲੇ।

ਨਿੰਦਾ ਚੁਗਲੀ ਦੂਜ ਭਾਵਨਾ, ਜ਼ਰਾ ਨਾ ਜਿਹਨੂੰ ਭਾਂਦੀ,
ਪੰਜਾਂ ਉੱਤੇ ਪੰਜਾ ਐਸਾ, ਰੂਹ ਓਸ ਦੀ ਪਾਂਦੀ।

ਭਲਾ ਕਰੇ ਸਰਬੱਤ ਦਾ ਉਹੋ, ਅਹਿਨਿਸ ਨਾਮ ਧਿਆਵੇ,
ਪਲ ਪਲ ਇਕੋ ਇਕ ਗੋਬਿੰਦ ਦੇ, ਗੀਤ ਪਿਆ ਉਹ ਗਾਵੇ।

ਠੱਗੀ ਚੋਰੀ ਯਾਰੀ ਕੋਲੋਂ, ਆਪਣਾ ਆਪ ਬਚਾਂਦਾ,
ਨਸ਼ਿਆਂ ਕੋਲੋਂ ਨਜ਼ਰ ਆਪਣੀ, ਕੋਹਾਂ ਦੂਰ ਭੁਆਂਦਾ।

ਭਜਨ ਬੰਦਗੀ ਚੰਗੀ ਸੰਗਤ, ਕਰਦਾ ਨਾ ਉਹ ਥੱਕੇ,
ਲੋਕ-ਭਲਾਈ ਕਰਦਾ 'ਰਾਏ', ਉੱਕਾ ਨਾ ਉਹ ਅੱਕੇ।

[ਪੁਸਤਕ "ਬਿਖੜੀ ਘਾਟੀ" ਵਿਚੋਂ

## ਏਅਰਫੋਰਸ ਸਟੇਸ਼ਨ ਪੂਨਾ ਲੋਹਾਗਾਉਂ ਗੁਰਦਵਾਰਾ ਵਿਖੇ ਰੈਣ ਸਬਾਈ

ਭਾਈ ਅਮੋਲਕ ਸਿੰਘ ਜੀ ਖਾਲਸਾ ਸੂਚਨਾ ਦਿੰਦੇ ਹਨ ਕਿ ਬੰਬਈ ਅਤੇ ਪੂਨਾ ਦੇ ਅਖੰਡ ਕੀਰਤਨੀ ਜਥਿਆਂ ਵਲੋਂ ੧੫ ਅਗਸਤ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਰਖੇ ਗਏ ਹਨ। ਸ਼ਨੀਵਾਰ ਸਵੇਰੇ ਵੀ ੬ ਤੋਂ **੧੧** ਤਕ ਕੀਰਤਨ ਹੋਣਗੇ। ਐਤਵਾਰ ਸਵੇਰੇ ਸਮਾਪਤੀ। ਗੁਰੂ ਕੇ ਦੁਲਾਰੇ ਕੀਰਤਨ ਦੇ ਰਸੀਏ ਦਰਸ਼ਨ ਦੇ ਕੇ ਨਿਵਾਜੋ ਜੀ।



www.AKJ.Org

**ਅਖੰਡ ਕੀਰਤਨੀ ਜਥਾ ਯੂ. ਕੇ. (ਰਜਿ:)**–ਦੀ ਕਾਰਜ-ਕਰਤੀ ਸਭਾ ਦੇ ਹੇਠ ਲਿਖੇ ਮੈਂਬਰ ਹੋਰ ਨੀਯਤ ਕੀਤੇ ਗਏ–੧. ਭਾਈ ਕੇਵਲ ਸਿੰਘ ਜੀ ਸਲੋਹ, ੨. ਭਾਈ ਸੇਵਾ ਸਿੰਘ ਜੀ ਗ੍ਰੇਵਜ਼ੇਂਡ, ਭਾਈ ਬਲਬੀਰ ਸਿੰਘ ਜੀ ਵਾਲਸਾਲ (ਮਿਡਲੈਂਡ), ਭਾਈ ਗੁਰਮੀਤ ਸਿੰਘ ਜੀ ਬਰਿਸਟਲ। ਇਨ੍ਹਾਂ ਤੋਂ ਛੁਟ ਭਾਈ ਮਦਨ ਸਿੰਘ ਜੀ ਤਾਂ ਪਹਿਲਾਂ ਤੋਂ ਹੀ ਸਿਖ ਕਕਾਰ ਕਮੇਟੀ ਦੇ ਜਥੇ ਵਲੋਂ ਚੀਫ ਕਨਵੀਨਰ ਚਲੇ ਆਉਂਦੇ ਹਨ।

ਦਾਸਰਾ–ਗੁਰਨਾਮ ਸਿੰਘ H G. Secy.

---

## ਸ਼ਹੀਦਾਂ ਦੀ ਯਾਦ ਵਿਚ ਸੁਨਾਮ ਵਿਖੇ ਰੈਣ ਸਬਾਈ ਕੀਰਤਨ

ਵੈਸਾਖੀ ੧੯੭੮ ਦੇ ਸਾਕੇ ਦੇ ਸ਼ਹੀਦ ਭਾ: ਰਘਬੀਰ ਸਿੰਘ ਜੀ ਭੱਗੂਪੁਰ ਅਤੇ ਸਮੂਚੇ ਸ਼ਹੀਦਾਂ ਦੀ ਯਾਦ ਵਿਚ ਗੁ: ਸ੍ਰੀ ਅਕਾਲਗੜ੍ਹ ਨੇੜੇ ਪੁਰਾਣੀ ਸ਼ਬਜ਼ੀ ਮੰਡੀ ਸੁਨਾਮ (ਸੰਗਰੂਰ) ਵਿਖੇ ੨੯ ਅਗਸਤ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

ਦਾਸਰੇ–ਸੇਵਕ ਸਮੂਹ ਸੰਗਤ ਸੁਨਾਮ ਜ਼ਿਲਾ ਸੰਗਰੂਰ

---

### ਦਿਆਲਪੁਰ ਅਖੰਡ ਕੀਰਤਨੀ ਜਥੇ ਵਲੋਂ ਇਲਾਕੇ ਵਿਖੇ ਕੀਰਤਨ ਪ੍ਰੋਗਰਾਮ

ਮਾ: ਗੁਰਬਚਨ ਸਿੰਘ ਜੀ ਦਿਆਲਪੁਰ ਸੂਚਤ ਕਰਦੇ ਹਨ ਕਿ ਦਿਆਲਪੁਰ ਵਿਖੇ ੩ ਅਕਤੂਬਰ ਨੂੰ ਸਾਲਾਨਾ ਸਮਾਗਮ ਹੋਵੇਗਾ। ਸਮਾਗਮ ਦੇ ਸੰਬੰਧ ਵਿਚ ਅਗਸਤ ਵਿਚ ਹੇਠ ਲਿਖੇ ਅਨੁਸਾਰ ਇਲਾਕੇ ਵਿਚ ਕੀਰਤਨ ਰਖੇ ਗਏ ਹਨ—

ਅਗਸਤ ੧––ਕਰਤਾਰਪੁਰ (ਗੁ: ਮਾਤਾ ਗੁਜਰੀ ਜੀ, ੨—ਜਲੰਧਰ (ਗੁ: ਪ੍ਰੀਤ ਨਗਰ), ੩––ਬੱਲਾਂ, ੪––ਐਮਾ ਕਾਜ਼ੀ ੫—ਮੰਨਣਾਂ, ੬––ਦੁਗਰੀ, ੭––ਮੰਡਾਂ, ੮––ਬੁੱਢੀ ਪਿੰਡ (ਹੁਸ਼ਿਆਰਪੁਰ), ੯—ਕਪੂਰਥਲਾ (ਸਟੇਟ ਗੁਰਦੁਆਰਾ), ੧੦––ਅੰਬ ਗੜ੍ਹ, ੧੨––ਗਗੜ ਭਾਨਾ (ਅੰਮ੍ਰਿਤਸਰ); ੧੩––ਕਰਤਾਰਪੁਰ (ਗੁ: ਅਕਾਲਗੜ੍ਹ), ੧੪––ਬਾਬਾ ਬਕਾਲਾ ਰੈਣ ਸਬਾਈ, ੧੫––ਅੰਬਾਲਾ ਰੈਣ ਸਬਾਈ, ੧੮––ਰੰਧਾਵਾ ਮਸੰਦਾਂ, ੧੯––ਰਾਮਾ ਮੰਡੀ, ੨੦––ਟਾਹਲੀ ਸਾਹਿਬ, ੨੧—ਰਈਆ (ਅੰਮ੍ਰਿਤਸਰ), ੨੨––ਜ਼ਹੂਰਾ (ਹੁਸਿਆਰਪੁਰ), ੨੩––ਸਠਿਆਲਾ (ਅੰਮ੍ਰਿਤਸਰ), ੨੪—ਜਰਾਮਪੁਰ, ੨੫––ਨੂਰਪੁਰ, ੨੬––ਹੰਬੋਵਾਲ, ੨੭––ਬੁਤਾਲਾ (ਅੰਮ੍ਰਿਤਸਰ), ੨੮––ਰਮੀਦੀ, ੨੯ ਜਾਤੀ ਕੇ, ੩੦ ਜਲੰਧਰ ਛਾ:, ੩੧—ਸੁਭਾਨਪੁਰ।

---

## ਦਿਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

**ਅਕਤੂਬਰ ੮ ਤੋਂ ੧੧ ਐਤਵਾਰ ਸਵੇਰ ਤਕ ਹੋ ਰਹੇ ਹਨ। ਵੇਰਵਾ ਆਉਂਦੇ ਪਰਚੇ ਵਿਚ**

---

**ਪਾਠਕ ਸਜਣੋ !** ਚੰਦੇ ਖ਼ਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਕਿਰਪਾ ਕਰਕੇ ਓਦੋਂ ਹੀ ਮਨੀ-ਆਰਡਰ ਭੇਜੋ ਜੀ। ਜਦੋਂ ਪਰਚਾ ਬੰਦ ਹੋ ਜਾਂਦਾ ਹੈ ਓਦੋਂ ਚੰਦਾ ਜਿਹੜੇ ਸਜਣ ਭੇਜਦੇ ਹਨ, ਰਜਿਸਟਰਾਂ ਵਿਚ ਬੜੀ ਕਟ ਵਧ ਕਰਨੀ ਪੈਂਦੀ ਹੈ। ਸੋ ਵਕਤ ਸਿਰ ਹੀ ਚੰਦਾ ਭੇਜਣ ਦੀ ਕਿਰਪਾ ਕੀਤੀ ਜਾਵੇ।

**ਚਿਟ ਨੰਬਰ–**ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।

**ਪਰਚੇ ਗੁੰਮ–**ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰ ਕੇ ਡਾਕੇ ਪਾਇਆ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ। ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸੇ ਮਹੀਨੇ ਦੇ ਅਧ ਵਿਚ ਸਾਨੂੰ ਕਾਰਡ ਪਾ ਦੇਵੇ, ਅਸੀਂ ਦੁਬਾਰਾ ਪਰਚਾ ਭੇਜ ਦਿੰਦੇ ਹਾਂ।

ਦਾਸ–ਮੈਨੇਜਰ 'ਸੂਰਾ'



www.AKJ.Org

## ਬਟਾਲਾ (ਗੁਰਦਾਸਪੁਰ) ਵਿਖੇ ਸਾਲਾਨਾ ਕੀਰਤਨ ਸਮਾਗਮ

### ਵਿਆਹ ਪੁਰਬ ਸਮੇਂ ਵੀਰਵਾਰ ਸਵੇਰੇ 3 ਤੋਂ 6 ਸਤੰਬਰ 1981 ਐਤਵਾਰ ਸਵੇਰ ਤਕ

ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਸਮੇਂ ਬਟਾਲਾ ਵਿਖੇ ਸਮੂਹ ਅਖੰਡ ਕੀਰਤਨੀ ਜਥਿਆਂ ਵਲੋਂ ਕੀਰਤਨ ਸਮਾਗਮ ਹੋ ਰਹੇ ਹਨ। ਸਰਬ ਗੁਰੂ ਪਿਆਰੇ ਪੁਜ ਕੇ ਅਨੰਦ ਮਾਣੋ ਜੀ। ਪ੍ਰੋਗਰਾਮ ਇਉਂ ਹੈ :–

3 ਸਤੰਬਰ ਸਵੇਰੇ 5-00 ਤੋਂ 8-00 ਕੀਰਤਨ ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡਪਾਠ ਅਰੰਭ
ਸ਼ਾਮ 7-30 ਤੋਂ 10-00 ਸੋਦਰ ਦੀ ਚੌਕੀ ਤੇ ਅਖੰਡ ਕੀਰਤਨ

4 ਸਤੰਬਰ ਸਵੇਰੇ 6-00 ਤੋਂ 9-00 ਕੀਰਤਨ ਆਸਾ ਦੀ ਵਾਰ ਸ਼ਾਮ 7-30 ਤੋਂ 10-00 ਸੋਦਰ ਦੀ ਚੌਕੀ ਤੇ ਕੀਰਤਨ

5 ਸਤੰਬਰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ 12 ਵਜੇ ਤਕ ਅਖੰਡ ਕੀਰਤਨ, ਸ਼ਾਮ 5 ਵਜੇ ਅੰਮ੍ਰਿਤ-ਸਿੰਚਾਰ
ਰਾਤ 8-00 ਵਜੇ ਅਰੰਭ ਰੈਣ ਸਬਾਈ ਕੀਰਤਨ, ਸਮਾਪਤੀ 6 ਸਤੰਬਰ ਐਤਵਾਰ ਸਵੇਰੇ 7 ਵਜੇ।

ਨੋਟ :– ਸੰਗਤਾਂ ਦੀ ਰਿਹਾਇਸ਼ ਅਤੇ ਕੀਰਤਨ ਪ੍ਰੋਗਰਾਮ ਗੁਰੂ ਨਾਨਕ ਖਾਲਸਾ ਹਾਇਰ ਸੈਕੰਡਰੀ ਸਕੂਲ ਵਿਖੇ ਹੋਣਗੇ।

ਦਰਸ਼ਨ ਅਭਿਲਾਖੀ ਦਾਸਰੇ–ਅਖੰਡ ਕੀਰਤਨੀ ਜਥਾ ਜ਼ਿਲਾ ਗੁਰਦਾਸਪੁਰ

---

## 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਬੀਬੀ ਕਿਰਪਾਲ ਕੌਰ ਯੂ. ਕੇ. ਦੇ 650/- ਰੁਪਏ, ਸ: ਬਲਵੰਤ ਸਿੰਘ ਯੂ. ਕੇ. ਦੇ 250/- ਰੁਪਏ ਅਤੇ ਬਾਕੀ ਸਭ ਦੇ ਸੌ ਸੌ ਰੁਪਏ ਪੁਜੇ ਹਨ। ਬੈਂਕ ਵਿਚੋਂ ਬਣਵਾਈਆਂ ਗਈਆਂ ਐਫ਼ ਡੀਆਂ ਦੇ ਨੰਬਰ ਹੇਠ ਦਰਜ ਹਨ :–

| | | | |
|---|---|---|---|
| 859. ਸ: ਅਜੀਤ ਸਿੰਘ ਪਠਾਨਕੋਟ | (ਚਿਟ ਨੰ 3859) | 215723/727/81 | ਮਿਤੀ 21.7.81 |
| 860. ਡਾ: ਹਰਮੀਤ ਸਿੰਘ ਭੱਲਾ ਡੈਂਟਿਸਟ | ( ,, 3860) | 215724/728/81 | ,, |
| 861. ਬੀਬੀ ਕਿਰਪਾਲ ਕੌਰ ਯੂ. ਕੇ. | ( ,, 2068) | 215725/729/81 | ,, |
| 862: ਸ: ਗੋਬਿੰਦਰ ਸਿੰਘ ਰੇਡੀਓ ਗ੍ਰਾਫ਼ਰ | ( ,, 3862) | 215726/730/81 | ,, |
| 863: ਸ: ਸਤਵੰਤ ਸਿੰਘ S/o ਸ: ਗੁਰਮੁਖ ਸਿੰਘ | ( ,, 3863) | 215727/731/81 | ,, |
| 864. ਸ: ਬਲਦੇਵ ਸਿੰਘ ਲੁਧਿਆਣਾ | ( ,, 3864) | 215728/732/81 | ,, |
| 865. ਸ: ਗੁਰਮੇਲ ਸਿੰਘ ਫ਼ਿਰੋਜ਼ਪੁਰ ਛਾਉਣੀ | ( ,, 3865) | 215729/733/81 | ,, |
| 866. ਸ: ਸੰਤੋਖ ਸਿੰਘ ਬਿਜਲੀ ਵਾਲੇ | ( ,, 3866) | 215730/734/81 | ,, |
| 867. ਸ: ਇੰਦਰਜੀਤ ਸਿੰਘ ਸ/ਮਾਈਨਿੰਗ ਇੰਜੀ: | ( ,, 3867) | 215731/735/81 | ,, |
| 868. ਸ: ਬਲਵੰਤ ਸਿੰਘ ਸੱਗੂ ਯੂ. ਕੇ. | ( ,, 2330) | 225732/736/81 | ,, |

### ਅਮਾਨਤੀ ਲਾਈਫ਼ ਮੈਂਬਰ – ਪਰਦੇਸਾਂ ਲਈ ਰੇਟ

ਯੂ. ਕੇ. ਅਫ਼ਰੀਕਾ ਆਦਿ 650/- ਅਰਬ ਮਲਾਇਆ ਆਦਿ 500/-

ਕੈਨੇਡਾ ਅਮਰੀਕਾ 750/-

---

ਸਕੱਤਰ ਯੂ. ਕੇ. ਅਖੰਡ ਕੀਰਤਨੀ ਜਥਾ ਸੂਚਨਾ ਦਿੰਦੇ ਹਨ ਕਿ ਭਾਰਤ ਤੋਂ ਭਾਈ ਸਾਹਿਬ ਭਾਈ ਮਲਕੀਅਤ ਸਿੰਘ ਜੀ ਕੀਰਤਨੀਏ ਅਖੰਡ ਕੀਰਤਨੀ ਜਥੇ ਵਾਲੇ ਪੁਜੇ ਹੋਏ ਹਨ, ਉਨ੍ਹਾਂ ਦਾ ਪਤਾ ਹੈ :–
C/o ਭਾਈ ਨਿਰਮਲ ਸਿੰਘ ਜੀ ਗਰੇਵਜ਼ੈਂਡ। ਫ਼ੋਨ 0474-50249

www.AKJ.Org

## ਅੰਬਾਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

### ਵੀਰਵਾਰ ਸਵੇਰੇ 13 ਤੋਂ 16 ਅਗਸਤ 1981 ਐਤਵਾਰ ਸਵੇਰ ਤਕ

ਹਰ ਸਾਲ ਵਾਂਗ ਗੁ: ਮੰਜੀ ਸਾਹਿਬ ਅੰਬਾਲਾ ਵਿਖੇ ਅਖੰਡ ਕੀਰਤਨੀ ਜਥੇ ਦੂਰੋਂ ਨੇੜਿਓਂ ਪੁਜ ਰਹੇ ਹਨ। ਕੀਰਤਨ ਦੇ ਲਾਹੇ ਪ੍ਰਾਪਤ ਕਰਨ ਲਈ ਆਇ ਦੀਦਾਰ ਬਖਸ਼ੋ ਜੀ।

13 ਅਗਸਤ ਸਵੇਰੇ 4-30 ਤੋਂ 6-30 ਕੀਰਤਨ ਆਸਾ ਦੀ ਵਾਰ ਤੇ ਅਰੰਭ ਸ੍ਰੀ ਅਖੰਡਪਾਠ — ਗੁ: ਮੰਜੀ ਸਾਹਿਬ
ਸ਼ਾਮ 7-30 ਤੋਂ 10-00 ਚੌਕੀ ਸੋਦਰ ਤੇ ਕੀਰਤਨ — ਗੁਰਦਵਾਰਾ ਸੀਸ ਗੰਜ ਪਾ: ਨੌਵੀਂ

14 ਅਗਸਤ ਸਵੇਰੇ 5-00 ਤੋਂ 11-00 ਆਸਾ ਦੀ ਵਾਰ ਤੇ ਅਖੰਡ ਕੀਰਤਨ — ਗੁਰਦਵਾਰਾ ਬਾਦਸ਼ਾਹੀ ਬਾਗ ਪਾ: ੧੦
ਸ਼ਾਮ 7-30 ਤੋਂ 10-00 ਚੌਕੀ ਸੋਦਰ ਤੇ ਕੀਰਤਨ — ਗੁਰਦਵਾਰਾ ਮੰਜੀ ਸਾਹਿਬ

15 ਅਗਸਤ ਸਵੇਰੇ 4-30 ਤੋਂ 1-00 ਆਸਾ ਦੀ ਵਾਰ ਤੇ ਅਖੰਡ ਕੀਰਤਨ — " " "
ਸ਼ਾਮ 5-00 ਅੰਮ੍ਰਿਤ ਸੰਚਾਰ ਸਮਾਗਮ ਅਰੰਭ — " " "
ਰਾਤ 8-00 ਅਰੰਭ ਰੈਣ ਸਬਾਈ ਕੀਰਤਨ, ਸਮਾਪਤੀ 16 ਅਗਸਤ ਸਵੇਰੇ 7 ਵਜੇ — " "

ਰਿਹਾਇਸ਼ :–ਗੁਰੂ ਹਰਿਗੋਬਿੰਦ ਸਾਹਿਬ ਸਕੂਲ, ਗੁ: ਮੰਜੀ ਸਾਹਿਬ ਵਿਖੇ ਹੋਵੇਗੀ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਪੁਛ ਗਿਛ–ਭਾਈ ਦੁਰਲਭ ਸਿੰਘ, 2416 ਡੀ. ਸੀ. ਰੋਡ, ਅੰਬਾਲਾ ਛਾਉਣੀ
ਭਾਈ ਆਤਮਾ ਸਿੰਘ ਜੀ V.P.O. ਪੰਜੋਖੜਾ (ਅੰਬਾਲਾ)

ਦਾਸਰੇ :–
ਅਖੰਡ ਕੀਰਤਨੀ ਜਥਾ, ਅੰਬਾਲਾ ਛਾਉਣੀ

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਤੇ ਅਖੰਡਪਾਠ ਪਰੋਗਰਾਮ

ਸ: ਗੁਰਨਾਮ ਸਿੰਘ ਜੀ ਜਨਰਲ ਸਕੱਤਰ ਰੀਡਿੰਗ ਤੋਂ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਭੇਜਦੇ ਹਨ :–

15 ਅਗਸਤ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ ਤੇ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸੰਚਾਰ
*Gurdwara Sikh Temple, New Street, Limington 5 PA*
ਪੁਛ ਗਿਛ–ਭਾਈ ਜਰਨੈਲ ਸਿੰਘ ਜੀ, ਫੋਨ 0926-30008

31 ਅਗਸਤ ਸੋਮਵਾਰ ਭੋਗ ਸ੍ਰੀ ਅਖੰਡਪਾਠ ਉਪ੍ਰੰਤ ਅਖੰਡ ਕੀਰਤਨ
ਭਾਈ ਜਸਵੰਤ ਸਿੰਘ ਭੱਟੀ, 107-*Addington Rd. Reading, Berks, Tel-0734-662667*

26 ਸਤੰਬਰ ਸ਼ਨੀਵਾਰ ਰਾਤ ਕੀਰਤਨ ਰੈਣ ਸਬਾਈ–*Gurdwara Nanaksar, Wellington St., Walsall, Midland.* ਪੁਛ ਗਿਛ– ਭਾਈ ਬਲਬੀਰ ਸਿੰਘ *Tel. 0922-38444*

## ਸਮੂਹ ਅਖੰਡ ਕੀਰਤਨੀ ਜਥਿਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸ਼ਵ ਚੰਡੀਗੜ੍ਹ ਵਿਖੇ

10 ਤੋਂ 13 ਸਤੰਬਰ–ਪ੍ਰੋਗਰਾਮ ਅਗਲੇ ਪਰਚੇ ਵਿਖੇ

## ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਸ਼ਬਦ ਗੁਰੂ ਦੀ ਆਨ ਸ਼ਾਨ ਖ਼ਾਤਰ ਸ੍ਰੀ ਅੰਮ੍ਰਿਤਸਰ ਵਿਖੇ ਵਿਸਾਖੀ 1978 ਨੂੰ ਹੋਏ ਸ਼ਹੀਦਾਂ ਦੀ ਯਾਦ ਵਿਚ ਹਰ ਮੰਗਲਵਾਰ ਸ਼ਾਮ ਨੂੰ ਹੋ ਰਹੇ ਅਗਸਤ ਮਹੀਨੇ ਦੇ ਪ੍ਰੋਗਰਾਮ ਦਾ ਵੇਰਵਾ :–

4 ਨੂੰ ਅਲੀਪੁਰ ਨੇੜੇ ਦੋਰਾਹਾ, 11 ਨੂੰ ਘੁਮਾਣ ਨੇੜੇ ਸੁਧਾਰ, 18 ਨੂੰ ਭਨੋੜ ਪੰਜਾਬ ਨੇੜੇ ਮੁਲਾਂਪੁਰ, 25 ਨੂੰ ਧਾਂਦਰਾ।

ਦਾਸਰਾ–ਦਰਸ਼ਨ ਸਿੰਘ (ਡਾਕਟਰ) 8-9, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ

'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Title NAVKETAN Ptg Press, Asr

www.AKJ.Org